1920 ਤੋਂ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 104
ਨੰਬਰ 011

੧੮ ਤੋਂ ੩੨ ਹਾੜ ੨੦੮੧ ਬਿ.
1 to 15 July 2024

# ਸਤਿਜੁਗ



10/-

# ਅਮਰੀਕਾ ਦੌਰਾ 2024









# ਸਤਿਜੁਗ

੧੯ ਤੋਂ ੩੨ ਹਾੜ ੨੦੮੧ ਬਿ.

1 ਤੋਂ 15 ਜੁਲਾਈ 2024 ਈ.

ਜਿਲਦ 104, ਨੰਬਰ 11



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ, ਸੁਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ

Editor: Gurlal Singh

Co. Editor - Dr. Khleel Khan, Gurbhagat Singh

ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
*Email- Satjug@sribhainisahib.com*


# ਤਤਕਰਾ


* ਸੰਪਾਦਕੀ........................................................4
* ਗੁਰਬਾਣੀ ਵਿਆਖਿਆ............................................6
* ਦਸਮ ਪਾਤਸ਼ਾਹ ਅਤੇ ਜ਼ਫ਼ਰਨਾਮਾ
  ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)....................8
* ਦਿੱਬ ਦ੍ਰਿਸ਼ਟੀ
  ਸਰਦੂਲ ਸਿੰਘ ਕਵੀਸ਼ਰ...............................12
* ਨੌਜਵਾਨਾਂ ਦੀ ਸਮਾਜਿਕ ਜਿੰਮੇਵਾਰੀ
  ਮਨਪ੍ਰੀਤ ਕੌਰ..........................................18
* ਮਹਾਰਾਣੀ ਜਿੰਦ ਕੌਰ
  ਸੁਖਦਿਆਲ ਸਿੰਘ...................................19
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..............................24
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ..........................27
* **Living Sustainably: Simple Steps for Everyone to Build a Greener Earth**
  **Prabjot Kaur** ..................................................**30**
* ਕਾਵਿ-ਕਿਆਰੀ...............................................35
* ਬੱਚਿਆਂ ਦਾ ਪੰਨਾ...............................................36
* **Matrimonial**..............................................................**42**


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਸੰਪਾਦਕੀ

ਚੰਗੇ ਮਿੱਤਰ ਦਾ ਸਾਥ ਮਿਲਣਾ ਇਕ ਈਸ਼ਵਰੀ ਮਿਹਰ ਹੈ। ਜੋ ਤੁਹਾਡੇ ਜੀਵਨ ਨੂੰ ਸਰਲ ਅਤੇ ਤਰੋਤਾਜ਼ਾ ਰੱਖਣ ਵਿੱਚ ਮਦਦ ਕਰਦਾ ਹੈ। ਚੰਗਾ ਮਿੱਤਰ ਢਾਲ ਵਾਂਗ ਹੁੰਦਾ ਹੈ ਜੋ ਅਮਨ ਦੇ ਸਮੇਂ ਪਿੱਠ ਪਿਛੇ ਖੜ੍ਹ ਤੁਹਾਡੀ ਮੱਦਦ ਕਰਦਾ ਹੈ, ਤੁਹਾਨੂੰ ਸਹੀ ਸਲਾਹ ਦਿੰਦਾ ਹੈ ਅਤੇ ਔਖੇ ਸਮੇਂ ਅੱਗੇ ਹੋ ਤੁਹਾਡੀ ਮੁਸੀਬਤ ਦਾ ਭਾਗੀਦਾਰ ਬਣ ਜਾਂਦਾ ਹੈ। ਮਿੱਤਰ ਦੀ ਚੋਣ ਮਨੁੱਖ ਦਾ ਨਿੱਜੀ ਫੈਸਲਾ ਹੁੰਦਾ ਹੈ। ਮਨੁੱਖ ਆਪਣੇ ਸੁਭਾਅ, ਰੁਚੀ, ਬੁੱਧੀ ਅਤੇ ਯੋਗਤਾ ਨੂੰ ਮੁੱਖ-ਰੱਖ ਮਿੱਤਰ ਬਣਾਉਂਦਾ ਹੈ। ਮਿੱਤਰ ਇਕ-ਦੋ ਜਾਂ ਵੱਧ ਵੀ ਹੋ ਸਕਦੇ ਹਨ। ਪ੍ਰੋ ਅੱਛਰੂ ਸਿੰਘ ਕਹਿੰਦੇ ਹਨ-

"ਸਾਡਾ ਸਭ ਤੋਂ ਵੱਧ ਵਾਹ ਆਪਣੇ ਮਿੱਤਰਾਂ ਨਾਲ ਪੈਂਦਾ ਹੈ। ਉਹ ਸਾਡੇ ਸਮਾਜਿਕ ਸਹਾਰਾ ਬਣਦੇ ਹਨ। ਆਪਣੀ ਬੁੱਧੀ, ਅਨੁਭਵ ਅਤੇ ਸਾਧਨਾਂ ਤੋਂ ਬਾਅਦ ਇਹ ਹੀ ਸਾਡੇ ਫੈਸਲਿਆਂ ਨੂੰ ਨਿਰਧਾਰਿਤ ਕਰਦੇ ਹਨ। ਇਕ ਸੂਝਵਾਨ ਅਤੇ ਦੂਰ ਅੰਦੇਸ਼ੀ ਮਿੱਤਰ ਸਦਾ ਹੀ ਸੁਚੱਜੀ, ਸੁਹਿਰਦ ਅਤੇ

ਸੰਜੀਦਾ ਸਲਾਹ ਦੁਆਰਾ ਸਾਡੀ ਸੋਚ ਨੂੰ ਵਿਵਹਾਰਿਕ, ਸਾਡੇ ਫੈਸਲੇ ਨੂੰ ਸਾਰਥਿਕ, ਸਾਡੇ ਕਾਰਜ ਨੂੰ ਸੁਹੇਲੜਾ ਅਤੇ ਸਾਡੇ ਜੀਵਨ ਨੂੰ ਖੁਸ਼ਗਵਾਰ ਬਣਾ ਸਕਦਾ ਹੈ। ''

ਚੰਗਾ ਮਿੱਤਰ ਲੜਾਈ ਕਰ ਕੇ ਵੀ ਸਾਨੂੰ ਗਲਤ ਫੈਸਲੇ ਤੋਂ ਰੋਕਦਾ ਹੈ। ਜੋ ਹਮੇਸ਼ਾ ਹਾਂ ਵਿੱਚ ਹਾਂ ਮਿਲਾਉਣ ਵਾਲਾ ਹੋਵੇ ਉਹ ਚੰਗਾ ਮਿੱਤਰ ਨਹੀਂ ਹੋ ਸਕਦਾ। ਸਾਨੂੰ ਜੀਵਨ ਵਿੱਚ ਹਮੇਸ਼ਾ ਕੋਈ ਚੰਗਾ ਸਲਾਹਕਾਰ ਚਾਹੀਦਾ ਹੁੰਦਾ ਹੈ। ਜੇ ਤੁਹਾਡੇ ਮਿੱਤਰ ਵਿੱਚ ਇਹ ਗੁਣ ਹੈ ਤਾਂ ਤੁਹਾਨੂੰ ਸਫ਼ਲਤਾ ਤੋਂ ਕੋਈ ਨਹੀਂ ਭੜਕਾ ਸਕਦਾ। ਇਸ ਕਰਕੇ ਜੀਵਨ ਵਿੱਚ ਮਿੱਤਰ ਦੀ ਚੋਣ ਕਰਦਿਆਂ ਸਾਨੂੰ ਪੂਰੀ ਤਰ੍ਹਾਂ ਸੁਚੇਤ ਰਹਿਣਾ ਚਾਹੀਦਾ ਹੈ। ਜੋ ਮਿੱਤਰ ਤੁਹਾਨੂੰ ਜੀਵਨ ਸਫ਼ਲਤਾ ਲਈ ਮੱਦਦ ਨਹੀਂ ਕਰਦਾ ਵਿਚਾਰ ਪੱਖੋਂ ਨਕਾਰਾਤਮਕ ਹੈ ਅਤੇ ਨਸ਼ੇ ਆਦਿ ਦਾ ਸੇਵਕ ਕਰਦਾ ਹੈ ਉਸ ਤੋਂ ਸਮੇਂ ਰਹਿੰਦੇ ਦੂਰੀ ਬਣਾ ਲੈਣੀ ਚਾਹੀਦੀ ਹੈ।

ਜੀਵਨ ਦਾ ਯਥਾਰਥ ਇਹ ਹੈ ਕਿ ਕੋਈ ਵੀ ਮਨੁੱਖ ਪੂਰਨ ਨਹੀਂ ਹੁੰਦਾ ਹਰ ਦਿਮਾਗ ਦੀ ਇਕ ਸੀਮਾਂ ਹੁੰਦੀ ਹੈ ਅਤੇ ਪ੍ਰਮੇਸ਼ਰ ਦੀ ਇਹ ਬਣਾਈ ਸ੍ਰਿਸਟੀ ਅਤੇ ਇਹ ਜੀਵ ਚੱਕਰ ਅਥਾਹ ਹੈ। ਇਸ ਕਰਕੇ ਸਾਨੂੰ ਕਿਸੇ ਦੇ ਸਾਥ ਦੀ ਜ਼ਰੂਰਤ ਹੁੰਦੀ ਹੈ। ਕਈ ਵਾਰ ਮਨੁੱਖ ਚੰਗਾ ਮਿੱਤਰ ਬਾਹਰੀ ਸਮਾਜ ਵਿੱਚ ਲੱਭਦਾ ਹੈ ਜੋ ਨੇਕ ਸਲਾਹ ਦੇ ਸਕੇ ਪਰ ਘਰ ਵਿੱਚ ਆਪਣੀ ਪਤਨੀ, ਭੈਣ, ਭਰਾ ਜੋ ਉਸ ਦੇ ਹਮੇਸ਼ਾਂ ਹਿਤੀ ਹਨ ਉਹਨਾਂ ਤੋਂ ਅਨਜਾਣ ਰਹਿੰਦਾ ਹੈ। ਇਸ ਕਰਕੇ ਪੜ੍ਹੀ ਲਿਖੀ, ਸੁਹਿਰਦ ਅਤੇ ਸੰਜੀਦਾ ਪਤਨੀ ਸਭ ਤੋਂ ਸੱਚਾ ਮਿੱਤਰ ਸਿੱਧ ਹੁੰਦੀ ਹੈ ਜੋ ਪਤੀ ਦੀ ਸਫ਼ਲਤਾ ਨੂੰ ਸੁਖਾਲਾ ਕਰ ਦਿੰਦੀ ਹੈ। ਇਸ ਤਰ੍ਹਾਂ ਹੀ ਪਤਨੀ ਲਈ ਵੀ ਉਹ ਪਤੀ ਇਕ ਸੱਚਾ ਮਿੱਤਰ ਹੈ ਜੋ ਉਸ ਨੂੰ ਹਰ ਕਾਰਜ ਵਿੱਚ ਮੱਦਦ ਕਰਦਾ ਹੈ।

ਸੱਚਾ ਮਿੱਤਰ ਹਮੇਸ਼ਾ ਆਪਣੇ ਸਾਥੀ ਨੂੰ ਆਤਮ ਵਿਸ਼ਵਾਸ਼ੀ ਬਨਣ ਲਈ ਪ੍ਰੇਰਦਾ ਹੈ ਕਿਉਂਕਿ ਸਫ਼ਲਤਾ ਅਸਮਾਨ ਤੋਂ ਨਹੀਂ ਟਪਕਦੀ। ਇਹ ਤਾਂ ਹਾਂਸਲ ਕਰਨੀ ਪਵੇਗੀ। ਸਫ਼ਲਤਾ ਨੂੰ ਕਮਾਉਣਾ ਪੈਂਦਾ ਹੈ ਤੇ ਕਮਾਉਣ ਲਈ ਤੁਹਾਨੂੰ ਮਾਨਸਿਕ ਪੱਖ ਤੋਂ ਬਹੁਤ ਮਜ਼ਬੂਤ ਹੋਣਾ ਪੈਂਦਾ ਹੈ। ਇਸ ਕਰਕੇ ਜੇ ਤੁਹਾਡਾ ਆਲਾ-ਦੁਆਲਾ ਐਸੇ ਆਤਮਵਿਸ਼ਵਾਸ਼ੀ ਮਿੱਤਰਾਂ ਵਾਲਾ ਹੋਵੇ ਤਾਂ ਤੁਹਾਡੀ ਇਸ ਮੁਸ਼ਕਿਲ ਸਫ਼ਰ ਵਿੱਚ ਵੱਡੀ ਮੱਦਦ ਹੋਵੇਗੀ।

ਸਾਨੂੰ ਗੁਰਬਾਣੀ ਵੀ ਸੱਚੇ ਮਿੱਤਰ ਦੀ ਭਾਲ ਲਈ ਪ੍ਰੇਰਦੀ ਹੈ। ਜਿਨ੍ਹਾਂ ਮਿਤਰਾਂ ਨੂੰ ਵੇਖ ਮਿਲ ਸਾਡੇ ਅੰਦਰੋਂ ਮਾੜੀਆਂ ਆਦਤਾਂ ਦਾ ਖਾਤਮਾ ਹੋ ਜਾਵੇ।

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ
ਮਿਤ੍ਰ ਅਸਾਡੜੇ ਸੇਈ॥

ਆਧਿਆਤਮਕ ਜੀਵਨ ਦੀ ਸਫ਼ਲਤਾ ਲਈ ਇਕ ਸੱਚੇ ਗੁਰੂ ਦੀ ਲੋੜ ਹੁੰਦੀ ਹੈ ਜੋ ਤੁਹਾਡਾ ਸੱਚਾ ਮਿੱਤਰ ਵੀ ਹੈ ਜੋ ਤੁਹਾਨੂੰ ਜੀਵਨ ਦੇ ਅਸਲੀ ਮਨੋਰਥ ਨੂੰ ਹਾਂਸਲ ਕਰਨ ਵਿੱਚ ਮੱਦਦ ਕਰਦਾ ਹੈ। ਗੁਰੂ ਐਸਾ ਸੱਚਾ ਮਿੱਤਰ ਹੈ ਜੋ ਹਲਤ-ਪਲਤ ਸਹਾਈ ਹੁੰਦਾ ਹੈ।

ਨਾਨਕ ਕਚੜਿਆ ਸਿਉ ਤੋੜਿ
ਢੂਢਿ ਸਜਣ ਸੰਤ ਪਕਿਆ
ਓਇ ਜੀਵੰਦੇ ਵਿਛੁੜਹਿ
ਓਇ ਮੁਇਆ ਨਾ ਜਾਹੀ ਛੋੜਿ॥

........................................................

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਦੇਉ ਦਾਨੋ ਲੁੱਝਣ ਆਏ॥ 23॥**
ਦੇਵਤੇ ਅਤੇ ਦੈਂਤ ਲੜਨ ਨੂੰ ਆ ਗਏ।
The gods and demons had arrived to fight.

**ਪਉੜੀ॥**
**ਦਾਨੋ ਦੇਉ ਅਨਾਗੀ ਸੰਘਰੁ ਰਚਿਆ॥**
ਦੈਂਤਾਂ ਅਤੇ ਦੇਵਤਿਆਂ ਨੇ ਬਿਨਾਂ ਨਾਗੇ ਲਗਾਤਾਰ ਜੰਗ ਸ਼ੁਰੂ ਕਰ ਲਿਆ।
They started fighting, without any hesitation.

**ਫੁੱਲ ਖਿੜੇ ਜਣੁ ਬਾਗੀਂ ਬਾਣੇ ਜੋਧਿਆਂ॥**
ਯੋਧਿਆਂ ਦੇ ਲਿਬਾਸ ਇਸ ਤਰ੍ਹਾਂ ਖ਼ੂਨ ਵਿੱਚ ਰੰਗੇ ਗਏ, ਜਿਵੇਂ ਬਾਗਾਂ ਵਿੱਚ ਫੁੱਲ ਖਿੜੇ ਹੋਏ ਹੋਣ।
Their garments, stained with the colour of blood looked like a garden full of red flowers.

**ਭੂਤਾਂ ਇੱਲਾਂ ਕਾਗੀ ਗੋਸਤੁ ਭੱਖਿਆ॥**
ਮਰੇ ਹੋਏ ਸੂਰਮਿਆਂ ਦਾ ਮਾਸ ਇੱਲਾਂ, ਕਾਂਵਾਂ ਤੇ ਅਦਿੱਖ ਪ੍ਰਾਣੀਆਂ ਨੇ ਖਾਧਾ।
Carnivorous humans, vultures and crows ate the flesh off the dead.

**ਹੁੱਮੜ ਧੁੱਮੜ ਜਾਗੀ ਘੱਤੀ ਸੂਰਿਆਂ॥ 24॥**
ਸੂਰਮਿਆਂ ਲੜਦਿਆਂ ਹੋਇਆਂ ਬਹੁਤ ਸ਼ੋਰ ਪਾਇਆ।
The sound from the war arena was immense.

**ਪਉੜੀ॥**
**ਸੱਟ ਨਗਾਰੇ ਪਾਈ ਦਲਾਂ ਮੁਕਾਬਲਾ॥**
ਨਗਾਰੇ 'ਤੇ ਚੋਟ ਲਾਈ ਤੇ ਦਲਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ।
The second round of fighting began with the beating of the war drum.

**ਦਿੱਤੇ ਦੇਉ ਭਗਾਈ ਮਿਲ ਕੈ ਰਾਕਸੀਂ॥**
ਅੰਤ ਰਾਖਸ਼ਾਂ ਨੇ ਮਿਲ ਕੇ ਦੇਵਤੇ ਭਜਾ ਦਿੱਤੇ।
The demon army successfully caused the gods to flee.

**ਲੋਕੀਂ ਤਿਹੀ ਫਿਰਾਈ ਦੋਹੀ ਆਪਣੀ॥**
ਤਿੰਨਾਂ ਲੋਕਾਂ ਵਿੱਚ ਰਾਖਸ਼ਾਂ ਦੇ ਨਾਮ ਦੀ ਦੋਹਾਈ ਫਿਰ ਗਈ।
The message of this demon victory spread through the three realms.

**ਦੁਰਗਾ ਦੀ ਸਾਮ ਤਕਾਈ ਦੇਵਾਂ ਡਰਦਿਆਂ॥**
ਦੈਂਤਾਂ ਤੋਂ ਡਰਦਿਆਂ ਦੇਵਤਿਆਂ ਨੇ ਦੁਰਗਾ ਦੀ ਸ਼ਰਣ ਤੱਕੀ।
Fearing for their lives, the gods sought protection from Durga.

**ਆਂਦੀ ਚੰਡੁ ਚੜ੍ਹਾਈ ਉੱਤੇ ਰਾਕਸਾਂ॥25॥**
ਚੰਡਿਕਾ ਫਿਰ ਰਾਖਸ਼ਾਂ ਉੱਤੇ ਹਮਲਾ ਕਰਨ ਲਈ ਤਿਆਰ ਹੋਈ।
Chandika prepared herself again, and strike the demon army.

**ਪਉੜੀ॥**
**ਆਈ ਫੇਰ ਭਵਾਨੀ ਖਬਰੀ ਪਾਈਆਂ॥**
ਦੁਰਗਾਂ ਦੇ ਆਉਣ ਦੀਆਂ, ਦੈਂਤਾਂ ਨੇ ਖ਼ਬਰਾਂ ਸੁਣ ਲਈਆਂ।
The news of Durga's arrival traveled to the demon's.

**ਦੈਤ ਵਡੇ ਅਭਿਮਾਨੀ ਹੋਏ ਏਕਠੇ॥**
ਵੱਡੇ-ਵੱਡੇ ਹੰਕਾਰੀ ਦੈਂਤ ਵੀ ਇਕੱਠੇ ਹੋ ਗਏ।
Causing more egomaniacs to join the demon army.

**ਲੋਚਨ ਧੂਮ ਗੁਮਾਨੀ ਰਾਇ ਬੁਲਾਇਆ॥**
ਦੈਂਤਾਂ ਦੇ ਰਾਜੇ ਸੁੰਭ ਨੇ ਹੰਕਾਰੀ ਧੂਮ੍ਰਲੋਚਨ ਸੈਨਾਪਤੀ ਨੂੰ ਬੁਲਾਇਆ।
King Sumbh called upon his egotistical commander, Dhum.

**ਜਗ ਵਿਚ ਵਡਾ ਦਾਨੋ ਆਪ ਕਹਾਇਆ॥**
ਜੋ ਆਪਣੇ ਆਪ ਨੂੰ ਸੰਸਾਰ ਵਿੱਚ ਵੱਡਾ ਦੈਂਤ ਕਹਾਉਂਦਾ ਸੀ।
Dhum would refer to himself as the most powerful demon.

**ਸੱਟ ਪਈ ਖਰਚਾਮੀ ਦੁਰਗਾ ਲਿਆਵਣੀ॥26॥**
ਖੋਤੇ ਦੇ ਚੰਮ ਵਾਲੇ ਨਗਾਰਿਆਂ 'ਤੇ ਚੋਟ ਵੱਜ ਪਈ ਕਿ ਦੁਰਗਾ ਸੁੰਭ ਦੇ ਵਿਆਹ ਲਈ ਫੜ ਕੇ ਲਿਆਉਣੀ ਹੈ।
The donkey hide war drum was beaten, it was proclaimed that Durga would be captured as the bride to be for Sumbh.

**ਪਉੜੀ॥**
**ਕੜਕ ਉਠੀ ਰਣ ਚੰਡੀ ਫਉਜਾਂ ਦੇਖਿ ਕੈ॥**
ਦੈਤਾਂ ਦੀਆਂ ਫੌਜਾਂ ਵੇਖ ਕੇ ਚੰਡਿਕਾ ਯੁੱਧ ਕਰਨ ਦੇ ਜੋਸ਼ ਵਿੱਚ ਆ ਗਈ।
Upon seeing the demon army, Chandika prepared herself for war.

**ਨਾਮਧਾਰੀ ਨਿਤਨੇਮ ਸਟੀਕ 'ਚੋਂ**

# ਦਸਮ ਪਾਤਸ਼ਾਹ ਅਤੇ ਜ਼ਫ਼ਰਨਾਮਾ



**ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)**
**94177-69103**

ਸੰਤ ਸਿਪਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੀ ਉਮਰ ਦੇ ੪੨ ਸਾਲਾਂ ਵਿਚ ਦਿਨ ਰਾਤ ਅਕਾਲ ਪੁਰਖ ਦੀ ਸਾਜੀ ਮਖਲੂਕਾਤ ਦੇ ਚੈਨ ਲਈ ਰੁਝੇ ਰਹੇ। ਲੁਕਾਈ ਦੇ ਚੈਨ ਲਈ ਅਤੇ ਧਾਰਮਿਕ ਆਜ਼ਾਦੀ ਲਈ ਉਹਨਾਂ ਨੇ ਦਿੱਲੀ ਸ਼ਹਿਰ ਵਿਚ ਪਿਤਾ ਸ਼ਹੀਦ ਹੋਣ ਲਈ ਅਤੇ ਧਰਮ ਲਈ ਚਾਰੇ ਸਾਹਿਬਜ਼ਾਦੇ ਸ਼ਹੀਦ ਕਰਵਾਏ ਅਤੇ ਧਾਰਮਿਕ ਆਜ਼ਾਦੀ ਲਈ ਵਸਦਾ ਰਸਦਾ ਸ਼ਹਿਰ ਅਨੰਦਪੁਰ ਸਦਾ ਲਈ ਛਡਿਆ। ਆਪ ਜੀ ਨੇ ਆਪਣੇ ਜੀਵਨ ਵਿਚ ਅਨੇਕਾਂ ਲੜਾਈਆਂ ਲੜੀਆਂ ਪਰ ਹਰ ਵਾਰ ਫਤਹਿ ਨੇ ਆਪ ਜੀ ਦੇ ਚਰਨ ਚੁੰਮੇ। ਆਪ ਜੀ ਨੇ ਹਰ ਲੜਾਈ ਵਿਚ ਹਿੱਸਾ ਲਿਆ ਅਤੇ ਫ਼ੌਜ ਦੀਆਂ ਅਗਲੀਆਂ ਸਫ਼ਾਂ ਵਿਚ ਹੋ ਕੇ ਫੌਜਾਂ ਦੀ ਕਮਾਂਡ ਕਰਦੇ। ਜਿੱਥੇ ਆਪ ਜੀ ਨੇ ਸਾਰਾ ਜੀਵਨ ਜੰਗਾਂ ਯੁੱਧਾਂ ਵਿਚ ਗੁਜ਼ਾਰਿਆ ਉਥੇ ਆਪ ਜੀ ਨੇ ਅਦੁੱਤੀ ਬਾਣੀ ਦੀ ਵੀ ਰਚਨਾ ਕੀਤੀ। ਜ਼ਫ਼ਰਨਾਮਾ ਅਜੇਹੀ ਬਾਣੀ ਹੈ, ਜਿਸ ਤੋਂ ਮਹਾਰਾਜ ਜੀ ਦੇ ਦੋਵੇਂ ਗੁਣ (ਸੰਤ-ਸਿਪਾਹੀ) ਉਗਮਦੇ ਹਨ।

ਜ਼ਫ਼ਰਨਾਮਾ ਦੇ ਅਰਥ ਹਨ 'ਜਿੱਤ ਦੀ ਚਿੱਠੀ'। ਗੁਰੂ ਮਹਾਰਾਜ ਜੀ ਦੀ ਇਹੋ ਹੀ ਇਕ ਅਜਿਹੀ ਰਚਨਾ ਹੈ ਜਿਸ ਨੂੰ ਗੁਰੂ ਸਾਹਿਬ ਜੀ ਨੇ ਫ਼ਾਰਸੀ ਵਿਚ ਰਚਿਆ ਸੀ। ਇਸ ਨੂੰ ਮਹਾਰਾਜ ਜੀ ਨੇ ੧੭੦੬ ਈ. ਨੂੰ ਪਿੰਡ ਦੀਨਾ ਕਾਂਗੜ ਤੋਂ ਹਿੰਦ ਦੇ ਬਾਦਸ਼ਾਹ ਔਰੰਗਜ਼ੇਬ ਨੂੰ ਇਕ ਖਤ ਦੇ ਰੂਪ ਵਿਚ ਲਿਖਿਆ ਸੀ। ਇਹ ਰਚਨਾ ਵਿਚ ਗੁਰੂ ਮਹਾਰਾਜ ਜੀ ਨਾਲ ਸ਼ਾਹੀ ਫੌਜ ਵਲੋਂ ਕੀਤੀਆਂ ਵਧੀਕੀਆਂ ਦਾ ਜ਼ਿਕਰ ਹੈ। ਇਸ ਰਚਨਾ ਵਿਚ ਗੁਰੂ ਜੀ ਨੇ ਔਰੰਗਜ਼ੇਬ ਨੂੰ ਫਿਟਕਾਰਾਂ ਪਾਈਆਂ ਸਨ। ਇਸ ਰਚਨਾ ਵਿਚ ਚਮਕੌਰ ਸਾਹਿਬ ਦੀ ਲੜਾਈ ਦਾ ਹਾਲ ਬੜੀ ਘੋਖਵੀਂ ਨਜ਼ਰ ਨਾਲ ਕੀਤਾ ਹੈ। ਰਚਨਾ ਜ਼ਫ਼ਰਨਾਮਾ ਅੱਜ ਸਾਨੂੰ ਸ਼ੁੱਧ ਰੂਪ ਵਿਚ ਨਹੀਂ ਮਿਲਦੀ ਅਤੇ ਨਾ ਹੀ ਕਿਤੇ ਇਸ ਰਚਨਾ ਦੀ ਅਸਲ ਲਿਖਤ ਮੌਜੂਦ ਹੈ। ਇਸ ਰਚਨਾ ਦੇ ਸ਼ਲੋਕਾਂ ਵਿੱਚ ਵੱਖ-ਵੱਖ ਬੀੜਾਂ ਦੇ ਪਾਠਾਂ ਵਿੱਚ ਕਾਫੀ ਅੰਤਰ ਪਾਇਆ ਜਾਂਦਾ ਹੈ। ਕੁਝ ਇਕ ਵਿੱਚ ਤਾਂ ਇਸ ਰਚਨਾ ਦੇ ਅਖੀਰ ਵਿੱਚ ਹਦਾਇਤਾਂ' ਨਾਮ ਦੇ ਕੁਝ ਬੰਦ ਹਨ। ਇਹਨਾਂ ਬਾਰੇ ਕੁਝ ਲੇਖਕਾਂ ਦਾ ਵਿਚਾਰ ਏ ਕਿ ਜਦੋਂ ਗੁਰੂ ਜੀ ਨੇ ਇਹ ਖਤ (ਰਚਨਾ) ਔਰੰਗਜ਼ੇਬ ਵਲ ਲਿਖਿਆ ਸੀ, ਉਹਨਾਂ ਦਿਨਾਂ ਵਿੱਚ ਉਸ ਦੀ ਸਿਹਤ ਠੀਕ ਨਹੀਂ ਸੀ ਰਹਿੰਦੀ, ਸੋ ਗੁਰੂ ਜੀ ਨੇ ਇਹਨਾਂ ਹਦਾਇਤਾਂ ਵਿੱਚ ਔਰੰਗਜ਼ੇਬ ਨੂੰ ਕੁਝ ਹਿਕਮਤ ਦੇ ਨੁਖਸੇ ਦੱਸੇ ਸਨ। ਕੀ ਇਹ ਗੱਲ ਠੀਕ ਹੈ? ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਹੈ।

**ਪ੍ਰਭੂ ਦੀ ਅਰਾਧਨਾ ਅਥਵਾ ਮੰਗਲਾ ਚਰਨ :**

ਗੁਰੂ ਜੀ ਨੇ ਆਪਣੀਆਂ ਹੋਰ ਬਾਣੀਆਂ ਵਾਂਗ ਇਸ ਬਾਣੀ ਅਥਵਾ ਖਤ ਦੇ ਸ਼ੁਰੂ ਵਿਚ ਅਕਾਲ ਪੁਰਖ, ਵਾਹਿਗੁਰੂ ਨੂੰ ਧਿਆਇਆ ਹੈ ਅਤੇ ਉਸ ਨੂੰ ਸਹਾਈ ਹੋਣ ਲਈ ਬੇਨਤੀ ਕੀਤੀ ਹੈ। ਪਹਿਲੇ ਹਿੱਸੇ ਨੂੰ ਅਸੀਂ ''ਮੰਗਲਾ ਚਰਨ' ਵੀ ਆਖ ਸਕਦੇ ਹਾਂ। ਗੁਰੂ ਜੀ ਲਿਖਦੇ ਹਨ :-

ਕਮਾਲਿ ਕਾਰਾਮਾਤ ਕਾਇਮ ਕਰੀਮ।
ਰਜ਼ਾ ਬਖਸ਼ ਰਾਜ਼ਕਿ ਰਿਹਾਕੁਨ ਰਹੀਮ।

(ਹੇ ਪਰਮੇਸ਼ਵਰ! ਤੂੰ ਅਲੌਕਿਕ ਸ਼ਕਤੀਆਂ ਦਾ ਸਿਖਰ, ਹਮੇਸ਼ਾਂ ਰਹਿਣ ਵਾਲਾ ਤੇ ਕ੍ਰਿਪਾਲੂ ਹੈ। ਤੂੰ ਖੁਸ਼ੀਆਂ ਬਖਸ਼ਣ ਵਾਲਾ, ਰਿਜ਼ਕ ਦਾਤਾ, ਮੁਕਤੀ ਦਾਤਾ ਅਤੇ ਰਹਿਮ ਕਰਨ ਵਾਲਾ ਹੈ) ਇਸ ਤਰ੍ਹਾਂ ਅੱਗੇ ਗੁਰੂ ਜੀ ਲਿਖਦੇ ਹਨ:-

ਅਮਾਂ-ਬਖਸ਼, ਬਖਸ਼ਿੰਦ : ਓ ਦਸਤਗੀਰ!
ਖ਼ਤਾ-ਬਖਸ਼, ਰੋਜ਼ੀ-ਦਿਹੋ ਦਿਲ ਪਜ਼ੀਰ।੨।

(ਤੂੰ ਸ਼ਰਨ ਪਏ ਦੀ ਲਾਜ ਰੱਖਣ ਵਾਲਾ, ਬਖਸ਼ਣ ਵਾਲਾ, ਅਤੇ (ਔਖ ਵੇਲੇ) ਬਾਂਹ ਫੜਨ ਵਾਲਾ ਹੈ । ਤੂੰ ਭੁੱਲਾਂ ਮਾਫ਼ ਕਰਨ ਵਾਲਾ, ਰੋਜ਼ੀ ਦਾਤਾ ਅਤੇ ਮਨ ਨੂੰ ਪਿਆਰਾ ਲੱਗਣ ਵਾਲਾ ਹੈ)

ਸ਼ਹਿਨਸ਼ਾਹਿ ਖ਼ੂਬੀ-ਦਿਹੋ ਰਹਨਮੂੰ।
ਕਿ ਬੇਗੂਨੋ ਬੇਚੂ, ਚੂੰ ਬੇਨਮੂੰ।੩।

(ਤੂੰ ਨੇਕੀਆਂ ਦੇਣ ਵਾਲਾ ਸ਼ਹਿਨਸ਼ਾਹ ਅਤੇ ਰਸਤਾ ਦਿਖਾਉਣ ਵਾਲਾ ਹੈ। ਤੂੰ ਰੰਗ ਰੂਪ ਰਹਿਤ ਅਤੇ ਬੇ-ਮਿਸਾਲ ਹੈ)

ਇਸ ਤਰ੍ਹਾਂ ਗੁਰੂ ਮਹਾਰਾਜ ਜੀ ਬੰਦ ਨੰ: ੧ ਤੋਂ ੧੨ ਤੱਕ ਮੰਗਲਾਚਰਣ ਅਰਥਾਤ ਪ੍ਰਭੂ ਉਸਤਤ ਕਰਦੇ ਹਨ। ਫਿਰ ਇਸ ਤੋਂ ਅੱਗੇ ਖਤ ਦੇ ਅਸਲ ਮਜਮੂਨ ਵੱਲ ਆਉਂਦੇ ਹਨ।

**ਬਾਦਸ਼ਾਹ ਔਰੰਗਜ਼ੇਬ ਨੂੰ ਸੱਚੀਆਂ ਸੁਨਾਉਣੀਆਂ ਤੇ ਫਿਟਕਾਰਾਂ ਪਾਉਣੀਆਂ :**

ਇਤਿਹਾਸ ਇਸ ਗੱਲ ਦਾ ਗਵਾਹ ਕਿ ਜਦ ਗੁਰੂ ਮਹਾਰਾਜ ਜੀ ਨੇ ੧੭੦੫ ਈ. ਨੂੰ ਦਸੰਬਰ ਦੇ ਮਹੀਨੇ ਅਨੰਦਪੁਰ ਛੱਡਿਆ ਤਾਂ ਇਸ ਤੋਂ ਪਹਿਲਾਂ ਸ਼ਾਹੀ ਫੌਜਾਂ ਦੇ ਸਿਪਾਹਸਾਲਾਰਾਂ ਨੇ ਗੁਰੂ ਜੀ ਵੱਲ ਬਾਦਸ਼ਾਹ ਔਰੰਗਜ਼ੇਬ ਦੇ ਦਸਤਖਤਾਂ ਵਾਲੀ ਕੁਰਾਨ ਦੀ ਪਤਰੀ ਭੇਜੀ ਅਤੇ ਵਾਸਤਾ ਪਾਇਆ ਸੀ ਕਿ ਹੁਣ ਅਨੰਦਪੁਰ ਛੱਡ ਜਾਉ ਫਿਰ ਚਾਹੇ ਦੁਬਾਰਾ ਅਨੰਦਪੁਰ ਵਿਚ ਵਾਸ ਕਰ ਲਵੋ। ਪਰ ਹੋਇਆ ਕੀ, ਜਦ ਗੁਰੂ ਜੀ ਨੇ ਕਿਲ੍ਹਾ ਛੱਡਿਆ ਤਾਂ ਫ਼ੌਜ ਕੀਤੇ ਕੌਲ ਇਕਰਾਰ ਭੁੱਲ ਕੇ ਖਾਲਸਾ ਫੌਜ ਤੇ ਟੁੱਟ ਪਈ । ਗੁਰੂ ਜੀ ਨੇ ਇਸ਼ਾਰੇ, ਮਾਤਰ ਇਸ ਵਿਸ਼ਵਾਸਘਾਤ ਦਾ ਜ਼ਿਕਰ ਇਸ ਰਚਨਾ ਵਿਚ ਕੀਤਾ ਹੈ ਜੋ ਇਸ ਪ੍ਰਕਾਰ ਹੈ:-

ਮੇਰਾ ਇਅਤੇਬਾਰੇ ਬਰੀ ਕਸਮ ਨੇਸਤ।
ਕਿ ਏਜ਼ਦ ਗਵਾਹਸਤ ਯਜ਼ਦਾ ਯਕੇਸਤ।੧੩)

(ਦੇਖ) ਕਿ ਪ੍ਰਮੇਸ਼ਰ ਸਾਖੀ ਹੈ, ਮੈਨੂੰ ਤੇਰੀ ਇਸ ਕਸਮ ਉਤੇ ਕੋਈ ਭਰੋਸਾ ਨਹੀਂ) ਉਪਰੋਕਤ ਬੰਦ ਵਿਚ ਗੁਰੂ ਜੀ, ਬਾਦਸ਼ਾਹ ਔਰੰਗਜ਼ੇਬ ਨੂੰ ਉਸ ਵਲੋਂ ਖਾਧੀ ਗਈ ਕਸਮ ਦੀ ਯਾਦ ਦਿਲਾਉਂਦੇ ਹੋਏ ਕਹਿੰਦੇ ਹਨ ਕਿ ਸਾਨੂੰ ਤੇਰੇ ਤੇ ਕੋਈ ਭਰੋਸਾ ਨਹੀਂ ਰਿਹਾ। ਅੱਗੇ ਵੇਖੋ :-

ਨ ਕਤਰ; ਮਗ ਇਅਤਬਾਰਿ ਬਰਸਤ
ਕਿ ਬਖਸ਼ੀ ਵ ਦੀਵਾਂ, ਹਮਾਂ ਕਿ ਜ਼ਬ-ਗੋਸਤ।੧੪।

(ਮੈਨੂੰ ਉਸ ਉਤੇ ਰਤਾ ਭਰ ਵੀ ਭਰੋਸਾ ਨਹੀਂ, ਜਿਸ ਦੇ ਬਖਸ਼ੀ ਤੇ ਦੀਵਾਨ ਅਰਥਾਤ ਸੈਨਿਕ ਤੇ ਅਸੈਨਿਕ, ਅਧਿਕਾਰੀ ਸਾਰੇ ਹੀ ਝੂਠ ਬੋਲਣ ਵਾਲੇ ਹੋਣ):

ਕਸੇ ਕੌਲ ਕੁਦਰਮਾਂ ਕੁਨਦ ਇਅਤਬਾਰ।
ਹਮਾ ਰੋਜ਼ਿ ਆਖਿਰ ਸ਼ਵਦ ਮਰਦ ਖ਼ਾਰ।੧੫।

(ਜੇ ਆਦਮੀ (ਤੇਰੀ) ਕੁਰਾਨ ਦੀ ਸਹੁੰ ਉੱਤੇ ਵਿਸ਼ਵਾਸ ਕਰ ਲਵੇ, ਉਹ ਅੰਤ ਨੂੰ ਖੁਆਰ ਹੁੰਦਾ ਹੈ)

**ਚਮਕੌਰ ਦੀ ਲੜਾਈ:**

ਗੁਰੂ ਸਾਹਿਬ ਜੀ ਨੇ ਜਦੋਂ ਅਨੰਦਪੁਰ ਸਾਹਿਬ ਨੂੰ ਛੱਡਿਆ ਤਾਂ ਆਪ ਜੀ ਦੋਵੇਂ ਸਾਹਿਬਜ਼ਾਦਿਆਂ ਨਾਲ ਚਮਕੌਰ ਦੀ ਹਵੇਲੀ 'ਚ ਆ ਗਏ। ਪਿੱਛਾ ਕਰਦੀ ਆ ਰਹੀ ਮੁਗਲ ਫੌਜ਼ ਨੇ ਉਸ ਹਵੇਲੀ ਨੂੰ ਘੇਰ ਲਿਆ ਅਤੇ ਲੜਾਈ ਸ਼ੁਰੂ ਹੋ ਗਈ ਤੇ ਸਾਰੀ ਰਾਤ ਹੁੰਦੀ ਰਹੀ। ਇਸ ਵੇਲੇ ਗੁਰੂ ਜੀ ਕੋਲ ਸਿਰਫ ੪੦ ਕੁ ਸਿੱਖ ਸਨ ਜੋ ਕਿ ੫-੫ ਦੀ ਗਿਣਤੀ ਵਿਚ ਬਾਹਰ ਦੁਸ਼ਮਣ ਦੀਆਂ ਫੌਜਾਂ ਨਾਲ ਲੜਨ ਲਈ ਨਿਕਲਦੇ ਅਤੇ ਦੁਸ਼ਮਣ ਨਾਲ ਲੋਹਾ ਲੈਂਦੇ ਸ਼ਹੀਦ ਹੋ ਜਾਂਦੇ:

ਗੁਰਸਰਨਾ: ਚਿ ਕਾਰੇ ਕੁਨਦ ਚਿਹਲ ਨਰ।
ਕਿ ਦਹ ਲਕ-ਬਰਾਯਦ ਬਰੂ ਬੇਖਬਰ।੧੯।

(ਭੁੱਖਣ ਭਾਣੇ ਚਾਲ੍ਹੀ ਆਦਮੀ ਕੀ ਕਰ ਸਕਦੇ ਹਨ ਜੇ ਉਨ੍ਹਾਂ ਉਤੇ ਅਚਨਚੇਤ ਅਣਗਿਣਤ ਫੌਜ ਟੁੱਟ ਪਵੇ) ਅੱਗੇ ਗੁਰੂ ਜੀ ਬਾਦਸ਼ਾਹ ਨੂੰ ਲਿਖਦੇ ਹਨ ਕਿ ਤੇਰੀ ਫੌਜ ਦੇ ਸੂਬੇਦਾਰਾਂ ਨੇ ਬਚਨ ਕੀਤੇ ਸਨ ਉਹਨਾਂ ਨੂੰ ਛਿੱਕੇ ਟੰਗ ਕੇ ਉਹਨਾਂ ਨੇ ਹਮਲਾ ਕਰ ਦਿੱਤਾ :-

ਕਿ ਪੈਮਾਂ ਸ਼ਿਕਨ ਬੇਦਰੰਗ ਆਮਦੰਦ।
ਮਯਾਂ ਤੇਗੰ ਤੀਰੋ ਤੁਫੰਗ ਆਮਦੰਦ।੨੦।

(ਤੇਰਾ ਇਹ ਬਚਨ ਭੰਗ ਕਰਨ ਵਾਲਾ ਲਸ਼ਕਰ ਤੇਗ, ਤੀਰ ਤੇ ਬੰਦੂਕਾਂ ਲੈ ਕੇ ਝਟ ਪਟ ਬੇਤਹਾਸ਼ਾ ਆ ਪਿਆ) ਇਸ ਲੜਾਈ ਵਿਚ ਗੁਰੂ ਜੀ ਨੇ ਵੀ ਹਿੱਸਾ ਲਿਆ ਅਤੇ ਆਪ ਜੀ ਗੜ੍ਹੀ ਦੇ ਚੁਬਾਰੇ ਤੇ ਤੀਰਾਂ ਦੀ ਵਰਖਾ ਕਰਦੇ ਸਨ:-

ਬ-ਲਾਚਾਰਗੀ ਦਰਮਿਯਾਂ ਆਮਦਮ।
ਬ-ਤਦਬੀਰਿ ਤੀਰੋ ਕਮਾਂ ਆਮਦਮ॥੨੧।

(ਇਸ ਲਈ ਮੈਨੂੰ ਮਜਬੂਰਨ ਜੰਗ ਦੇ ਮੈਦਾਨ ਵਿਚ ਆਉਣਾ ਪਿਆ ਅਤੇ ਤੀਰ ਕਮਾਨ ਆਦਿ ਸ਼ਸਤਰ ਵਰਤਣੇ ਪਏ) ਅੱਗੇ ਗੁਰੂ ਜੀ ਲਿਖਦੇ ਹਨ ਕਿ ਤੇਰੀ ਫੌਜ ਜੋ ਗੜ੍ਹੀ ਦੇ ਚਾਰੇ ਪਾਸੇ ਪਸਰੀ ਹੋਈ ਸੀ ਜੋ ਸ਼ੋਰ ਮਚਾਉਂਦੀ ਹੋਈ ਤਾਬੜ ਤੋੜ ਹਮਲੇ ਕਰਦੀ:

ਬਰੰਗਤ ਮਗਸ ਸਯਾਹ-ਪੋਸ਼ੁਆ ਮਦੰਦ।
ਬ: ਯਕ-ਬਾਰਗੀ ਦਰ ਖਰੋਸ਼ ਆਮਦੰਦ।੨੬।

(ਤੇਰੀ ਕਾਲੀ ਪੇਸ ਫੌਜ ਮੱਖੀਆਂ ਵਾਂਙ ਆ ਪਈ ਅਤੇ ਸ਼ੋਰ ਮਚਾਉਂਦੀ ਇਕ ਦਮ ਟੁਟ ਪਈ।) ਫਿਰ ਗੁਰੂ ਜੀ ਲਿਖਦੇ ਹਨ ਕਿ ਚਾਹੇ ਫੌਜ ਜ਼ੋਰਦਾਰ ਹੱਲੇ ਜ਼ਰੂਰ ਕਰਦੀ ਸੀ ਪਰ ਕੋਈ ਵੀ ਗੜ੍ਹੀ ਦੀ ਕੱਚੀ ਦੀਵਾਰ ਦੇ ਨੇੜੇ ਨਹੀਂ ਸੀ ਆਉਂਦਾ:-

ਹਰਆਂ ਕਸ ਜ਼ਿ ਦੀਵਾਰ ਆਮਦ ਬਿਰੂੰ।
ਬਖ਼ੁਰਦਨ ਯਕੇ ਤੀਰ ਸ਼ੁਦ ਗਰਕਿ ਖ਼ੂੰ।੨੭।

(ਜੋ ਵੀ ਦੀਵਾਰ ਦੀ ਓਟ ਤੋਂ ਜ਼ਰਾ ਬਾਹਰ ਆਇਆ, ਉਹ ਇਕੋ ਤੀਰ ਖਾ ਕੇ ਲਹੂ ਵਿੱਚ ਗਰਕ ਹੋ

ਗਿਆ)

ਕਿ ਬੇਰੂੰ ਨਯਾਮਦ ਕਸੇ ਜ਼ਾਂ ਦੀਵਾਰ
ਨ ਖ਼ਰਦੰਦਤੀਰੋਂ ਗਸ਼ਤੰਦ ਖ਼ਾਰ।੨੮।

(ਫਿਰ ਉਸ ਦੀਵਾਰ ਤੋਂ ਕੋਈ ਵੀ ਬਾਹਰ ਨਾ ਆਇਆ। ਨਾ ਉਨ੍ਹਾਂ ਤੀਰ ਖਾਧੇ ਤੇ ਨਾ ਹੀ ਖੁਆਰ ਹੋਏ) ਇਸ ਭਿਆਨਕ ਲੜਾਈ ਵਿਚ ਮਲੇਰ ਕੋਟਲੇ ਵਾਲਾ ਨਾਹਰ ਖ਼ਾਂ ਨੇ ਗੜ੍ਹੀ ਦੀਵਾਰ ਨੂੰ ਪੌੜੀ ਲਾ ਕੇ ਅੰਦਰ ਆਉਣ ਦੀ ਕੋਸ਼ਿਸ਼ ਕੀਤੀ ਪਰ ਗੁਰੂ ਜੀ ਦੇ ਇਕੋ ਹੀ ਤੀਰ ਨੇ ਉਸ ਨੂੰ ਚਿੱਤ ਕਰ ਦਿਤਾ:

ਚੁ ਦੀਦਮ ਕਿ ਨਾਹਰ ਬਿਯਾਮਦ ਬਜੰਗ।
ਚਸ਼ੀਦ: ਯਕੇ ਤੀਰ ਮਨ ਬੇਦਰੰਗ ॥੨੯॥

(ਜਦ ਮੈਂ ਨਾਹਰ ਖ਼ਾਂ ਨੂੰ ਮੈਦਾਨੇ ਜੰਗ ਵਿਚ ਆਇਆ ਵੇਖਿਆ ਤਾਂ ਉਸ ਨੇ ਫੌਰਨ ਹੀ ਮੇਰੇ ਤੀਰ ਦਾ ਸੁਆਦ ਚੱਖਿਆ, ਅਰਥਾਤ ਉਹ ਤੀਰ ਖਾ ਕੇ ਥਾਂ ਹੀ ਢਹਿ ਢੇਰੀ ਹੋ ਗਿਆ) ਨਾਹਰ ਖ਼ਾਂ ਦੇ ਬਾਅਦ ਜ਼ਫ਼ਰਬੇਗ ਵੀ ਅੰਦਰ ਆਉਣ ਦੀ ਕੋਸ਼ਿਸ਼ ਕੀਤੀ ਪਰ ਉਹ ਡਰਪੋਕ ਦਾ ਹੌਂਸਲਾ ਹੀ ਨਾ ਪਿਆ ਅਤੇ ਉਹ ਦੀਵਾਰ ਦੇ ਆਸਰੇ ਹੀ ਬੈਠਾ ਰਿਹਾ। ਗੁਰੂ ਜੀ ਲਿਖਦੇ ਹਨ ਕਿ ਜੇ ਉਹ ਇਕ ਵਾਰ ਵੀ ਬਾਹਰ ਆ ਜਾਂਦਾ ਤਾਂ ਸਾਡੇ ਤੀਰ ਦਾ ਸੁਆਦ ਚੱਖ ਲੈਂਦਾ :

ਕਿ ਆਂ ਖਵਾਜਾ ਮਰਦੂਦ ਸਾਯ: ਏ ਦੀਵਾਰ।
ਨਯਾਮਦ ਬ-ਮੈਦਾਂ ਬ-ਮਰਦਾਨ: ਵਾਰ।੩੪।

(ਉਹ ਮਰਦੂਦ ਖੁਆਜਾ ਜ਼ਫ਼ਰਬੇਗ ਦੀਵਾਰ ਦੀ ਓਟ ਹੀ ਰਿਹਾ। ਬਹਾਦਰਾਂ ਵਾਂਗ ਮੈਦਾਨ ਵਿਚ ਹੀ ਨਹੀਂ ਆਇਆ)

ਦਰੇਗਾ! ਅਗਰ ਰੂਏ ਉਦੀਦਮੇ।
ਬ-ਯਕ ਤੀਰ ਲਾਚਾਰ ਬਖ਼ਸ਼ੀਦਮੇ।੩੫।

(ਜੇਕਰ ਮੈਂ ਉਸ ਦਾ ਚੇਹਰਾ ਵੇਖ ਲੈਂਦਾ ਤਾਂ ਇਕ ਤੀਰ ਉਸ ਨੂੰ ਵੀ ਬਖਸ਼ ਦਿੰਦਾ। ਭਾਵ ਉਸ ਨੂੰ ਪਾਰ ਬੁਲਾਉਣ ਤੋਂ ਹੈ) ਇਸ ਭਿਆਨਕ ਲੜਾਈ ਵਿਚ ਸਾਰੀ ਧਰਤੀ ਲਾਲੋ ਲਾਲ ਹੋ ਗਈ, ਸਭ ਪਾਸੇ ਲੋਥਾਂ ਦੇ ਢੇਰ ਲਗ ਗਏ:

ਬਸੇ ਬਾਰ ਬਾਰੀਦ ਤੀਰੋ ਤੁਫ਼ੰਗ।
ਜਿਮੀਂ ਗਸ਼ਤ ਹਮਚੂੰ ਗਲੇ ਲਾਲਾ ਰੰਗ।੩੭।

(ਬੰਦੂਕਾਂ ਤੇ ਤੀਰਾਂ ਦੀ ਇੰਨੀ ਵਰਖਾ ਹੋਈ ਕਿ ਧਰਤੀ ਲਹੂ ਨਾਲ ਪੋਸਤ ਦੇ ਫੁੱਲ ਵਾਂਙ ਲਾਲੋ ਲਾਲ ਹੋ ਗਈ)

ਸਰੇਪਾਇ ਅੰਬੋਹ ਚੰਦਾਂ ਸੁਦਹ।
ਕਿ ਮੰਦਾਂ ਪਰ ਅਜ਼ ਗੂ ਓ ਚੋਗਾਂ ਸੁਦਹ।੩੮।

(ਮਾਰੇ ਗਏ ਬੰਦਿਆਂ ਦੇ ਸਿਰ-ਪੈਰਾਂ ਦੇ ਇਉਂ ਢੇਰ ਲੱਗ ਗਏ ਜਿਵੇਂ ਖੇਡ ਦਾ ਮੈਦਾਨ ਖਿੱਦੋ ਖੂੰਡੀਆਂ ਨਾਲ ਭਰਿਆ ਹੋਵੇ) ਇਹ ਲੜਾਈ ਸਾਰਾ ਦਿਨ ਹੁੰਦੀ ਰਹੀ ਅਤੇ ਇਸ ਵਿਚ ਚਾਲ੍ਹੀ ਸਿੱਖ ਸ਼ਹੀਦ ਹੋ ਗਏ। ਲੜਾਈ ਸੂਰਜ ਡੁੱਬਣ ਤਕ ਹੁੰਦੀ ਰਹੀ :

ਹਮ ਆਖਿਰ ਚਿ ਮਰਦੀ ਕੁਨਦ ਕਾਰਜ਼ਾਰ
ਕਿ ਬਰ ਚਿਹਲ ਤਨ ਆਯਦਸ਼ ਬੇਸੁਮਾਰ।੪੧।

(ਆਖਰ ਲੜਾਈ ਵਿਚ ਇਕੱਲੀ ਸੂਰਮਗਤੀ ਕੀ ਕਰ ਸਕਦੀ ਹੈ, ਜੇਕਰ ਚਾਲ੍ਹੀ ਆਦਮੀਆਂ ਉਤੇ ਅਣਗਿਣਤ ਫੌਜ ਧਾਵਾ ਬੋਲ ਦੇਵੇ)।

ਰਾਤ ਦੀ ਬੁੱਕਲ ਵਿਚ 'ਪੁੱਤਰਾਂ ਦਾ ਦਾਨੀ" ਦੇ ਵੱਡੇ ਸਾਹਿਬਜ਼ਾਦੇ ਮੈਦਾਨੇ-ਜੰਗ ਵਿੱਚ ਸ਼ਹੀਦ ਕਰਵਾ ਕੇ, ਅਕਾਲ ਪੁਰਖ ਦਾ ਸ਼ੁਕਰਾਨਾ ਕਰਦਾ ਹੋਇਆ ਖਾਲਸੇ ਦਾ ਹੁਕਮ ਨੂੰ ਸਿਰ ਮੱਥੇ ਮੰਨਦਿਆਂ ਹੋਇਆਂ, ਦਸਮੇਸ਼ ਪਿਤਾ ਚਮਕੌਰ ਦੀ ਗੜ੍ਹੀ ਛੱਡ ਗਿਆ।

**ਮਾਲਵਾ ਸਿੱਖੀ ਦਾ ਗੜ੍ਹ :**

ਸਿੱਖ ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਚਮਕੌਰ ਦੀ ਕੱਚੀ ਗੜ੍ਹੀ ਛੱਡਣ ਤੋਂ ਬਾਅਦ ਆਪ ਜੀ 'ਉੱਚ ਦੇ ਪੀਰ' ਬਣੇ ਅਤੇ ਆਪ ਜੀ ਮਾਲਵਾ ਦੇ ਇਲਾਕੇ 'ਚ ਰਾਏ ਕੋਟ ਦੇ ਰਾਇ ਕੱਲਾ ਕੋਲ ਪਹੁੰਚ ਗਏ ਜੋ ਗੁਰੂ ਜੀ ਦਾ ਮੁਰੀਦ ਸੀ। ਇਹ ਇਲਾਕਾ ਸਰਹੰਦ ਦੇ ਨਵਾਬ ਵਜੀਰ ਖਾਨ ਦੀ ਜੱਦ ਤੋਂ ਬਾਹਰ ਸੀ। ਜਦੋਂ ਵਜੀਰ ਖਾਨ ਨੇ ਰਾਏ ਕੱਲਾ ਨੂੰ, ਗੁਰੂ ਜੀ ਨੂੰ ਬੰਦੀ ਬਨਾਉਣ ਲਈ ਹੁਕਮ ਘੱਲਿਆ ਤਾਂ ਰਾਇ ਜੀ ਨੇ ਬੜਾ ਠੋਕਵਾਂ ਉੱਤਰ ਦਿਤਾ ਕਿ ਜਿਸ ਤਰ੍ਹਾਂ ਆਪਣੇ ਪੀਰ ਦੀ ਪੂਜਾ ਤੂੰ ਕਰਦਾ ਹੈਂ ਇਸ ਤਰ੍ਹਾਂ ਹੀ (ਰਾਇ ਕੱਲਾ) ਆਪਣੇ ਪੀਰ (ਗੁਰੂ ਜੀ) ਨੂੰ ਮੰਨਦਾ ਹਾਂ। ਜੇ ਜ਼ਿਆਦਾ ਹੀ ਆਕੜ ਹੈ ਤਾਂ ਲੜਾਈ ਕਰ ਕੇ ਵੇਖ ਲੈ। ਇਥੋਂ ਹੀ ਨੂਰੇ ਮਾਹੀ ਨੂੰ ਸਰਹੰਦ ਵਿਖੇ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਲੈਣ ਵਾਸਤੇ ਭੇਜਿਆ ਸੀ।

**ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ :**

ਗੁਰੂ ਜੀ ਨੇ ਇਸ ਖੱਤ (ਬਾਣੀ) ਵਿਚ ਚਾਰੇ ਸਾਹਿਬਜ਼ਾਦੇ ਜਿਹਨਾਂ ਵਿਚੋਂ ਦੋ ਵਡੇ ਮੈਦਾਨੇ-ਜੰਗ ਵਿਚ ਸ਼ਹੀਦ ਹੋਏ ਅਤੇ ਦੋ ਛੋਟੇ ਨੀਹਾਂ ਵਿਚ ਸ਼ਹੀਦ ਕੀਤੇ, ਦਾ ਜ਼ਿਕਰ ਵੀ ਕੀਤਾ ਅਤੇ ਬਾਦਸ਼ਾਹ ਨੂੰ ਲਿਖਿਆ ਹੈ ਕਿ ਤੇਰੇ ਇਸ ਕਾਰੇ ਨਾਲ ਇਹ ਸੁਤੰਤਰਤਾ ਦੀ ਭਾਵਨਾ ਕਦੀ ਵੀ ਨਹੀਂ ਮਰ ਸਕਦੀ ਸਗੋਂ ਇਹ ਚੰਗਿਆੜੀ ਤਾਂ ਹੋਰ ਭੱਖ ਪਈ ਹੈ :-

ਰਿਹਾ ਖ਼ੁਦ ਕਿ ਚੂੰ ਬੱਚਗਾਂ ਕੁਸ਼ਤ: ਚਾਰ।

ਕਿ ਬਾਕੀ ਬਮਾਂਦਸਤ ਪੇਚੀਦ: ਮਾਗ॥੭੫।

(ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ। ਅੱਜੇ ਤਾਂ ਕੁੰਡਲੀਦਾਰ ਭੁਝੰਗੀ ਭਾਵ ਖਾਲਸਾ ਬਾਕੀ ਹੈ)

ਚਿ ਮਰਦੀ ਕਿ ਅਖਗਰ ਖ਼ਮੋਸ਼ਾ ਕੁਨੀ।

ਕਿ ਆਤਿਸ਼ ਦਮਾਂ ਰਾ ਫਰੋਜ਼ਾ ਕੁਨੀ॥੭੬॥

(ਚੰਗਿਆੜਿਆਂ ਨੂੰ ਬੁਝਾਉਣ ਵਿਚ ਤੇਰੀ ਕੀ ਬਹਾਦਰੀ ਹੈ ਜਦ ਕਿ ਤੂੰ ਇਕ ਪਰਚੰਡ ਜਵਾਲਾ ਨੂੰ ਹੋਰ ਭੜਕਾ ਰਿਹਾ ਹੈਂ)

**ਜ਼ਫ਼ਰਨਾਮਾ ਵਿਚ ਇਕ ਇਤਿਹਾਸਕ ਅੜਾਉਣੀ:**

ਗੁਰੂ ਜੀ ਨੇ ਇਹ ਖਤ ਬਾਦਸ਼ਾਹ ਵੱਲ ਕਿਉਂ ਲਿਖਿਆ ਅਤੇ ਆਪ ਜੀ ਨੇ ਦੱਖਣ ਵੱਲ ਕਿਉਂ ਚਾਲੇ ਪਾਏ ? ਇਹਨਾਂ ਪ੍ਰਸ਼ਨਾਂ ਦਾ ਸਾਫ਼ ਜਵਾਬ ਕਿਤੇ ਵੀ ਨਹੀਂ ਦਿੱਤਾ ਅਤੇ ਇਤਿਹਾਸਕਾਰਾਂ ਨੇ ਵੀ ਇਸ ਅੜਾਉਣੀ ਵੱਲ ਵੱਖ-ਵੱਖ ਵਿਚਾਰ ਦਿਤੇ ਹਨ ਪਰ ਅਸੀਂ ਤਾਂ ਇਹੀ ਕਹਾਂਗੇ ਕਿ ਗੁਰੂ ਮਹਾਰਾਜ ਜੀ ਆਪਣੇ ਨਾਲ ਬਾਦਸ਼ਾਹ ਦੇ ਸੂਬੇਦਾਰਾਂ ਵਲੋਂ ਹੋਈਆਂ ਵਧੀਕੀਆਂ ਬਾਰੇ ਬਾਦਸ਼ਾਹ ਨੂੰ ਦੱਸਣਾ ਚਾਹੁੰਦੇ ਸਨ ਅਤੇ ਗੁਰੂ ਜੀ ਬਾਦਸ਼ਾਹ ਤੋਂ ਇਨਸਾਫ ਚਾਹੁੰਦੇ ਸਨ ਇਸ ਬਾਰੇ ਗੁਪਤ ਤੌਰ ਤੇ ਗੁਰੂ ਜੀ ਨੇ ਇਸ ਤਰ੍ਹਾਂ ਜ਼ਿਕਰ ਕੀਤਾ ਹੈ:

ਨਵਿਸ਼ਤ: ਰਸੀਦੋਂ ਬਫਤਾਂ ਜ਼ਬਾਂ

ਬਿਬਾਯਦ: ਕਿ ਈ ਕਾਰ ਰਾਹਤ ਰਸਾਂ।੫੪।

(ਤੇਰਾ ਲਿਖਿਆ ਹੋਇਆ ਪਤਰ ਅਤੇ ਜ਼ਬਾਨੀ ਸੁਨੇਹਾ ਮੈਨੂੰ ਪਹੁੰਚਿਆ। ਤੈਨੂੰ ਚਾਹੀਦਾ ਹੈ ਕਿ ਹੁਣ ਤੂੰ ਇਸ ਕੰਮ ਨੂੰ ਠੀਕ ਤਰ੍ਹਾਂ ਸਿਰੇ ਚਾੜ੍ਹ ਦੇਵੇ) ਉਪਰੋਕਤ ਸ਼ੇਅਰ ਵਿਚ ਕਿਸੇ ਕੰਮ ਨੂੰ ਨੇਪਰੇ ਚਾੜ੍ਹਨ ਦੀ ਬਾਦਸ਼ਾਹ ਨੂੰ ਤਾਕੀਦ ਕੀਤੀ ਹੈ। ਉਹ ਕਿਹੜਾ ਕੰਮ ਸੀ ? ਇਸ ਬਾਰੇ ਸਾਡਾ ਖਿਆਲ ਹੈ ਕਿ ਗੁਰੂ ਜੀ ਚਾਹੁੰਦੇ ਸਨ ਕਿ ਬਾਦਸ਼ਾਹ, ਸਰਹੰਦ ਦੇ ਸੂਬੇਦਾਰ ਵਜੀਰ ਖਾਨ ਅਤੇ ਹੋਰ ਸਿਖਾਂ ਦੇ ਵਿਰੋਧੀਆਂ ਨੂੰ ਸਖਤ ਸਜ਼ਾ ਦੇਣ। ਇਹੀ ਕਾਰਨ ਹੈ ਕਿ ਬਾਅਦ ਵਿਚ ਬਾਦਸ਼ਾਹ ਨੇ ਜ਼ਫ਼ਰਨਾਮਾ ਨੂੰ ਪੜ੍ਹਨ ਤੋਂ ਬਾਅਦ ਗੁਰੂ ਜੀ ਨੂੰ ਆਪਣੇ ਕੋਲ ਦੱਖਣ ਵੱਲ ਆਉਣ ਲਈ ਕਿਹਾ ਸੀ ਪਰ ਦੱਖਣ ਵਿਚ ਗੁਰੂ ਜੀ ਦੇ ਪੁੱਜਣ ਤੋਂ ਪਹਿਲਾਂ ਹੀ ਔਰੰਗਜ਼ੇਬ ਫੌਤ ਹੋ ਗਿਆ ਅਤੇ ਉਸ ਦੀ ਗੁਰੂ ਜੀ ਨਾਲ ਮੁਲਾਕਾਤ ਨਾ ਹੋ ਸਕੀ। ਇਸ ਬਾਰੇ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਨੂੰ ਪਤਾ ਲਗਾ ਚੁੱਕਾ ਸੀ ਅਤੇ ਉਸ ਨੇ ਗੁਰੂ ਜੀ ਨੂੰ ਮਾਰਨ ਲਈ ਗੁਰੂ ਜੀ ਪਿੱਛੇ ਦੋ ਪਠਾਨ ਲਗਾ ਰੱਖੇ ਸਨ ਜਿਹਨਾਂ ਨੇ ਨਾਂਦੇੜ ਵਿਖੇ ਗੁਰੂ ਜੀ ਦੇ ਖੰਜਰ (ਛੁਰਾ) ਮਾਰਿਆ ਸੀ। ਇਸ ਖਤ ਵਿਚ ਗੁਰੂ ਜੀ ਬਾਦਸ਼ਾਹ ਨੂੰ ਪੰਜਾਬ ਆਉਣ ਲਈ ਕਹਿੰਦੇ ਹਨ:

ਕਿ ਤਸ਼ਰੀਫ ਦਰ ਕਸਬ: ਕਾਂਗੜ ਕੁਨੰਦ।

ਵਜ਼ਾਂਪਸ ਮੁਲਾਕਾਤ ਬਾਹਮ ਸ਼ਵਦ।੫੮।

(ਜੇ ਤੂੰ ਇਥੇ ਕਾਂਗੜ ਕਸਬੇ ਵਿਚ ਤਸ਼ਰੀਫ ਲੈ ਆਵੇ ਤਾਂ ਇਸ ਉਪਰੰਤ ਆਪਣੀ ਮੁਲਾਕਾਤ ਹੋ ਸਕੇਗੀ)

ਬਿਯਾਂ ਤਾਂ ਸੁਖ਼ਨ ਖ਼ੁਦ ਜ਼ਬਾਨੀ ਕੁਨੇਮ।

ਬਰੂਏਸ਼ੁਮਾ ਮਿਹਰਬਾਨੀ ਕੁਨੇਮ॥੬੦॥

(ਤੂੰ ਇਥੇ ਕਾਂਗੜ ਕਸਬੇ ਵਿਚ ਆ ਜਾ ਤਾਂ ਕਿ ਅਸੀਂ ਆਹਮੋਂ ਸਾਹਮਣੇ ਹੋ, ਜ਼ਬਾਨੀ ਗੱਲ ਬਾਤ ਕਰ ਲਈਏ) ਇਸ ਖਤ ਦੀ ਲਿਖਤ ਅਨੁਸਾਰ ਗੁਰੂ ਜੀ ਔਰੰਗਜ਼ੇਬ ਨਾਲ ਕਾਂਗੜ ਵਿਖੇ ਮੁਲਾਕਾਤ ਕਰਨੀ ਚਾਹੁੰਦੇ ਸਨ ਪਰ ਔਰੰਗਜ਼ੇਬ ਦੱਖਣ ਵਿਚ ਮਰਹੱਟਿਆਂ ਦੀ ਬਗਾਵਤ ਦਬਾ ਰਿਹਾ ਸੀ, ਸੋ ਗੁਰੂ ਜੀ ਆਪ ਦੱਖਣ ਵੱਲ ਗਏ।

**ਔਰੰਗਜ਼ੇਬ ਦੀ ਵਡਿਆਈ:**

ਜਿਥੇ ਗੁਰੂ ਜੀ ਨੇ ਬਾਦਸ਼ਾਹ ਦੀ ਊਣਤਾਈਆਂ ਅਥਵਾ ਭੈੜੇ ਕਰਮਾਂ ਨੂੰ ਭੰਡਿਆ, ਉਥੇ ਉਸ ਦੀ ਵਡਿਆਈ ਵੀ ਕੀਤੀ ਹੈ :

ਖ਼ੁਸ਼ਸ਼ ਸ਼ਾਹਿ ਸ਼ਾਹਾਨ ਔਰੰਗਜ਼ੇਬ।

ਕਿ ਚਾਲਾਕ ਦਸਤੂਰ ਚਾਬੁਕ ਰਕੇਬ॥੮੬।

(ਹੇ ਔਰੰਗਜ਼ੇਬ ! ਤੂੰ ਸ਼ਾਹਾਂ ਦਾ ਸ਼ਾਹ ਤੇ ਭਾਗਵਾਨ ਹੈ ਅਤੇ ਪ੍ਰਬੰਧ ਵਿਚ ਹੁਸ਼ਿਆਰ ਤੇ ਸ਼ਾਹ ਸਵਾਰ ਵੀ ਹੈ)

ਤਰਤੀਬ ਬ ਦਾਨਿਸ਼ ਬ ਤਦਬੀਰ ਤੇਗ਼।

ਖ਼ੁਦਾਵੰਦੇ ਦੇਗੋ ਖ਼ੁਦਾਵੰਦੇ ਤੇਗ ॥੮੭।

(ਤੂੰ ਆਪਣੀ ਸਿਆਣਪ ਦੇ ਢੰਗ ਨਾਲ ਅਤੇ ਤਲਵਾਰ ਦੇ ਜ਼ੋਰ ਨਾਲ ਦੇਸ਼ ਅਤੇ ਤੇਗ਼ ਦਾ ਧਨੀ ਹੈਂ)

ਕਿ ਹੁਸਨੁਲਜਮਾਨ ਅਸਤੋਂ ਰੌਸ਼ਨ ਜ਼ਮੀਰ।

ਖ਼ੁਦਾਵੰਦਿ ਮੁਲਕ ਅਸਤ ਸਾਹਿਬ ਅਮੀਰ॥੮੮

(ਹੇ ਔਰੰਗਜ਼ੇਬ! ਤੂੰ ਸੋਹਣਾ, ਸੁੰਦਰ ਤੇ ਸਿਆਣਾ ਵੀ ਹੈਂ। ਤੂੰ ਮੁਲਕ ਦਾ ਬਾਦਸ਼ਾਹ ਅਤੇ ਹਾਕਮਾਂ ਦਾ ਸਰਦਾਰ ਵੀ ਹੈਂ)

ਕਿ ਰੌਸ਼ਨ ਜ਼ਮੀਰ ਅਸਤੋ ਹੁਸਨੁਲਜਮਾਣ।

ਖ਼ੁਦਾਵੰਦ ਬਖਸ਼ਿੰਦ ਏ ਮੁਲਕੋ ਮਾਲ॥੮੯॥

(ਤੂੰ ਸਿਆਣਾ ਤੇ ਸੁੰਦਰ ਵੀ ਹੈਂ। ਤੂੰ ਮਾਲਕ ਹੈਂ ਅਤੇ ਮਾਲ ਦੌਲਤ ਦਾ ਬਖਸ਼ਣ ਵਾਲਾ ਵੀ ਹੈਂ) ਵੀ ਕੁਝ ਅਜਿਹੇ ਸ਼ੇਅਰ ਹਨ ਜਿਹਨਾਂ ਵਿਚ ਇਸ ਤਰ੍ਹਾਂ ਹੋਰ ਔਰੰਗਜ਼ੇਬ ਦੀ ਵਡਿਆਈ ਕੀਤੀ ਹੈ। ਇਸ ਖਤ ਦੇ ਅੰਤ ਵਿਚ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਸ਼ਿਅਰ ਅੰਕਿਤ ਹਨ। ਇਸ ਭਾਸ਼ਾ ਵਿਭਾਗ ਪੰਜਾਬ ਵਲੋਂ ਛਪਵਾਈ ਗਈ ਇਸ ਲਿਖਤ ਦੇ ੧੧੨ ਸ਼ਿਅਰ ਹਨ ਜੋ ਕਿ ਮਹਾਰਾਜਾ ਜੀ ਦੀ ਸ਼ਖਸ਼ੀਅਤ ਦੀ ਜੀਉਂਦੀ ਜਾਗਦੀ ਤਸਵੀਰ ਹਨ।

..................................................

# ਦਿੱਬ ਦ੍ਰਿਸ਼ਟੀ

**ਸਰਦੂਲ ਸਿੰਘ ਕਵੀਸ਼ਰ**

ਦਿੱਬ ਦ੍ਰਿਸ਼ਟੀ[1] ਮਨੁੱਖ ਦਾ ਛੇਵਾਂ ਇੰਦ੍ਰਾ ਹੈ, ਇਹ ਦੂਜਿਆਂ ਇੰਦ੍ਰਿਆਂ ਸਮਾਨ ਵੀ ਹੈ ਤੇ ਅੱਡਰਾ ਵੀ। ਦਿੱਬ ਦ੍ਰਿਸ਼ਟੀ ਦੇ ਅਰਥ ਹਨ ਸੋਝੀ ਵਾਲੀ ਅੱਖ, ਉਹ ਅੱਖ, ਜਿਹੜੀ ਪਰਮ ਸੱਤਾ ਦੇ ਭੇਤ ਦੀ ਸੋਝੀ ਕਰਾਂਦੀ ਹੈ। ਜਿਵੇਂ ਅਕਾਲ ਪੁਰਖ ਦੀ ਹਸਤੀ ਪਦ-ਚੌਥੇ ਦਾ ਵਿਸ਼ਾ ਹੈ, ਤਿਵੇਂ ਉਸ ਨੂੰ ਵੇਖਣ ਵਾਲੀ ਅੱਖ ਵੀ ਦੂਜਿਆਂ ਨਾਲੋਂ ਵਿਸ਼ੇਸ਼ ਹੈ।

ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ,
ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ।

ਮੈਂ ਅੱਖਾਂ ਨਾਲ ਚਾਨਣ ਰੂਪੀ ਪਰਮੇਸ਼ਰ ਨੂੰ ਡਿੱਠਾ ਹੈ ਤੇ ਮੈਨੂੰ ਉਸ ਦੇ ਵੇਖਣ ਦੀ ਪਿਆਸ ਬਹੁਤ ਹੈ, ਜਿਹੜੀ ਬੁੱਝਦੀ ਨਹੀਂ। ਦਿਸਦਾ, ਉਹ ਅੱਖਾਂ ਹੋਰ ਹਨ ਜਿਨ੍ਹਾਂ ਨਾਲ ਉਹ ਦਿਸਦਾ ਹੈ।

ਏਨੀ ਅਖੀ ਨਦਰਿ ਨਾ ਆਵਈ
ਜਿਚਰੁ ਸਬਦਿ ਨਾ ਕਰੇ ਬੀਚਾਰੁ॥

ਇਨ੍ਹਾਂ ਅੱਖਾਂ ਨਾਲ ਅਕਾਲ ਪੁਰਖ ਨਹੀਂ ਦਿਸਦਾ; ਸ਼ਬਦ ਦੇ ਵੀਚਾਰ ਦੁਆਰਾ ਉਸ ਨੂੰ ਵੇਖ ਸਕੀਦਾ ਹੈ।

ਹਉ ਢੂੰਢੇਦੀ ਸਜਣਾ ਸਜਣੁ ਮੈਡੈ ਨਾਲਿ,
ਜਨ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਹਿ ਦਿਖਾਲਿ।

ਅਕਾਲ ਪੁਰਖ ਸਾਡੇ ਅੰਗ ਸੰਗ, ਸਾਡੇ ਅੰਤਰ ਆਤਮੇ, ਸਾਡੇ ਹਿਰਦੇ ਵਿਚ ਨਿਵਾਸ ਕਰ ਰਿਹਾ ਹੈ ਤੇ ਗੁਰਮੁਖ ਉਸ ਅਲਖ ਨਿਰੰਕਾਰ ਦੇ ਦਰਸ਼ਨ ਹਿਰਦੇ ਵਿਚ ਕਰਾ ਸਕਦਾ ਹੈ।

ਇਹ ਅਨੁਭਵੀ ਗਿਆਨੀ-ਇੰਦ੍ਰਾ ਹਰ ਕਿਸੇ ਦੇ ਭਾਗਾਂ ਵਿਚ ਨਹੀਂ ਹੁੰਦਾ। ਕਈਆਂ ਦਾ ਇਹ ਇੰਦ੍ਰਾ ਸਾਵਧਾਨ ਹੁੰਦਾ ਹੈ ਪਰ ਬਹੁਤਿਆਂ ਦਾ ਸੁੱਤਾ ਹੁੰਦਾ ਹੈ। ਜਿਨ੍ਹਾਂ ਦੀ ਇਹ ਦਿਬ ਦ੍ਰਿਸ਼ਟੀ ਉੱਨਤ ਨਹੀਂ ਹੋਈ ਹੁੰਦੀ ਉਹ ਨਿਰੰਕਾਰੀ ਪ੍ਰਕਾਸ਼ ਸਮਝਣੋਂ ਹੀਨ ਹਨ, ਜਿਵੇਂ ਬਾਲਾਂ ਨੂੰ ਜੋਬਨ ਭਰੇ ਅਨੰਦ ਦੀ ਸੋਝੀ ਨਹੀਂ ਹੁੰਦੀ।

ਵਿਕਾਸ ਦੀ ਸਮੱਸਿਆ ਜਾਂ ਸਿਧਾਂਤ ਤੋਂ ਪਤਾ ਲਗਦਾ ਹੈ ਕਿ ਪੰਜ ਗਿਆਨ ਇੰਦ੍ਰਿਆਂ ਦਾ ਵਿਕਾਸ ਜੀਵਾਂ-ਜੰਤਾਂ ਵਿੱਚ ਇੱਕ-ਇੱਕ ਕਰਕੇ ਹੋਇਆ ਤੇ ਛੁਹ ਦੀ ਸ਼ਕਤੀ ਤੋਂ ਉਪਜਿਆ। ਆਦਿ ਵਿਚ ਪੰਜੇ ਇੰਦ੍ਰੇ ਇੱਕੋ-ਇੱਕ ਸਨ ਤੇ ਨਿੱਕੀ ਤੋਂ ਨਿੱਕੀ ਜਿੰਦੜੀ ਵਿਚ ਆਦਿ ਅਵਸਥਾ ਵਿਚ ਮੌਜੂਦ ਸਨ। ਅੱਜ ਵੀ ਜੀਵਨ ਦੀ ਤਕਰੀਬਨ ਸਭ ਤੋਂ ਹੇਠਲੀ ਅਵਸਥਾ ਵਿਚ ਐਮੀਬਾ ਇਕ ਭੋਰੇ ਵਾਲਾ ਕੀੜਾ ਹੈ ਜਿਹੜਾ ਛੂਹ ਦੇ ਆਸਰੇ ਹੀ ਆਪਣਾ ਜੀਵਨ ਬਤੀਤ ਕਰਦਾ ਹੈ। ਦੂਜੇ ਇੰਦ੍ਰੇ ਪਿਛੋਂ ਸਹਿਜੇ-ਸਹਿਜੇ ਵਿਕਾਸ ਮਗਰੋਂ ਪ੍ਰਤੱਖ ਹੁੰਦੇ ਹਨ। ਕੇਵਲ ਮਨੁੱਖ ਵਿਚ ਤੇ ਸ਼ਾਇਦ ਕੁਝ ਉੱਚੀ ਸ਼੍ਰੇਣੀ ਦੇ ਪਸ਼ੂਆਂ ਵਿਚ ਗੱਲ ਨੂੰ ਚੇਤੇ ਰੱਖਣ ਦੀ ਸ਼ਕਤੀ ਮਨ ਦੀ ਉਡਾਰੀ ਤੇ ਸਹਜ ਰਸ ਮਾਨਣ ਦੀ ਸ਼ਕਤੀ ਪੈਦਾ ਹੋਈ ਹੈ ਤੇ ਉਹ ਵੀ ਕੁਝ ਨਵੀਂ ਨਵੀਂ ਹੀ ਪੈਦਾ ਹੋਈ ਹੈ ਇਹ ਵਿਕਾਸ ਅਜੇ ਚੱਲ ਰਿਹਾ ਹੈ। ਮਲੂਮ ਹੁੰਦਾ ਹੈ ਕਿ ਦਿੱਬ ਦ੍ਰਿਸ਼ਟੀ ਇਕ ਨਵੇਂ ਇੰਦ੍ਰੇ ਦਾ ਵਿਕਾਸ ਹੈ। ਸੰਸਾਰ ਜਾਂ ਕੁਦਰਤ ਦਾ ਕੰਮ ਅਨੰਤ ਤਰੀਕਿਆਂ ਨਾਲ ਚੱਲ ਰਿਹਾ ਹੈ, ਤੇ ਉਨ੍ਹਾਂ ਵਿਚੋਂ ਬਹੁਤਿਆਂ ਤਰੀਕਿਆਂ ਦਾ ਸਾਨੂੰ ਗਿਆਨ ਨਹੀਂ। ਹਾਲਾਂ ਤੀਕ ਸਾਨੂੰ ਇਹ ਨਹੀਂ ਪਤਾ ਲੱਗਾ ਕਿ ਨਿਤ ਨਵੀਂ ਥਾਂ ਉੱਡ ਜਾਣ ਵਾਲੇ ਪੰਖੇਰੂ ਅਣਡਿਠਿਆਂ ਰਸਤਿਆਂ ਤੇ ਕਿਵੇਂ ਭੁੱਲੇ ਬਿਨਾਂ ਉੱਡ ਕੇ ਪੁੱਜਦੇ ਹਨ, ਤੇ ਕਿਵੇਂ ਥਾਵਾਂ ਤੋਂ ਮੁੜ ਆਪਣਿਆਂ ਟਿਕਾਣਿਆਂ ਤੇ ਪੁੱਜ ਜਾਂਦੇ ਹਨ ਉਨ੍ਹਾਂ ਪ੍ਰਤੱਖ ਨਿਸ਼ਾਨਾਂ ਦਾ ਜਿਨ੍ਹਾਂ ਤੋਂ ਮਨੁੱਖ ਨੂੰ ਵਾਟ ਲਈ ਸਹਾਇਤਾ ਪ੍ਰਾਪਤ ਹੁੰਦੀ ਹੈ, ਕੁਝ ਖਿਆਲ ਹੀ ਨਹੀਂ ਕਰਦੇ।

ਕਈਆਂ ਨੂੰ ਆਤਮ-ਗਿਆਨ ਹੁੰਦਾ ਹੈ, ਅਰਥਾਤ ਸਤਿ ਦਾ ਉਨ੍ਹਾਂ ਨੂੰ ਸੁਤੇ ਹੀ ਅਨੁਭਵ ਹੋ ਜਾਂਦਾ ਹੈ। ਇਹ ਇਵੇਂ ਹੀ ਹੈ ਜਿਵੇਂ ਅੰਨ੍ਹੇ ਨੂੰ ਨਜ਼ਰੀ ਆਉਣਾ ਜਾਂ ਹਨੇਰੇ ਵਿਚ ਝੱਟ ਚਾਨਣ ਹੋ ਜਾਣਾ। ਜਿਵੇਂ ਅਸੀਂ ਹਨੇਰੇ ਵਿਚ ਕਿਸੇ ਚੀਜ਼ ਨੂੰ ਵੇਖ ਨਹੀਂ ਸਕਦੇ ਤੇ ਚਾਨਣ ਵਿਚ ਸਾਡੇ ਲਈ ਸਾਰਾ ਨਕਸ਼ਾ ਹੋਰ ਦਾ ਹੋਰ ਹੋ ਜਾਂਦਾ ਹੈ, ਇਸੇ ਤਰ੍ਹਾਂ ਹੀ ਜਿਨ੍ਹਾਂ ਦੇ ਭਾਗਾਂ ਵਿਚ ਦਿੱਬ ਦ੍ਰਿਸ਼ਟੀ ਜਾਂ ਆਤਮ ਗਿਆਨ ਦੀ ਬਖਸ਼ਿਸ਼ ਹੈ ਉਹ ਹੀ ਕੁਝ ਵੇਖ ਲੈਂਦੇ ਹਨ ਜੋ ਦੂਜੇ ਨਹੀਂ ਵੇਖ ਸਕਦੇ ਤੇ ਉਨ੍ਹਾਂ ਨੂੰ ਉਨ੍ਹਾਂ ਗੱਲਾਂ ਦੀ ਸੋਝੀ ਹੋ ਜਾਂਦੀ ਹੈ ਜਿਨ੍ਹਾਂ ਦੀ ਸਾਨੂੰ ਨਹੀਂ ਹੁੰਦੀ। 'ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ।

ਇਹ ਆਤਮਿਕ ਅੱਖਾਂ ਵੱਖਰੀਆਂ ਹਨ, ਇਨ੍ਹਾਂ ਬਿਨਾਂ ਨਿਰੰਕਾਰ ਨੂੰ ਕੋਈ ਕਿਵੇਂ ਲਖੇ? ਕਠ-ਉਪਨਿਸ਼ਦ ਵਿਚ ਲਿਖਿਆ ਹੈ ਕਿ ਨਿਰੰਕਾਰ ਦਾ ਸਰੂਪ ਅੱਖਾਂ ਨਾਲ ਜਾਂ ਦੂਜੀਆਂ ਇੰਦ੍ਰੀਆਂ ਨਾਲ ਨਹੀਂ ਦਿਸਦਾ, ਅਕਾਲ ਪੁਰਖ

ਉਨਮਨ ਦੇ ਅਨੁਭਵ ਦੁਆਰਾ ਪ੍ਰਤੀਤ ਹੁੰਦਾ ਹੈ ਤੇ ਉਨਮਨ ਦਾ ਨਿਵਾਸ ਹਿਰਦੇ ਵਿਚ ਹੁੰਦਾ ਹੈ ਤੇ ਸਰਬ ਵਿਚਾਰਾਂ ਉਸ ਦੇ ਅਧੀਨ ਹੁੰਦੀਆਂ ਹਨ।

ਰਤਨਾ ਸਾਰ ਨ ਜਾਣਈ ਅੰਧੇ ਵਤਹਿ ਲੋਇ॥

ਅੰਨ੍ਹਾ ਰਤਨਾਂ, ਜਵਾਹਰਾਂ ਦਾ ਪਾਰਖੂ ਕਿਵੇਂ ਹੋਵੇ ਤੇ ਕਿਵੇਂ ਪਰਖ ਕਰੇ?

ਪਰਮਾਤਮਾ ਨੂੰ ਵੇਖਣ ਵਾਲੀਆਂ ਅੱਖਾਂ ਹੋਰ ਹਨ। ਗੁਰੂ ਗ੍ਰੰਥ ਸਾਹਿਬ ਵਿਚ ਥਾਂ ਥਾਂ ਆਤਮਿਕ ਸ਼ਕਤੀ ਨੂੰ ਦਸਵਾਂ ਦੁਆਰ ਕਿਹਾ ਹੈ ਤੇ ਹੋਰ ਨੌਂ ਗਿਆਨ ਇੰਦ੍ਰਿਆਂ, ਅਰਥਾਤ ਕੰਨਾਂ, ਅੱਖਾਂ, ਮੂੰਹ, ਨੱਕ ਆਦਿ ਤੋਂ ਵੱਖਰਾ ਕਰਕੇ ਦੱਸਿਆ ਹੈ।

ਭੀਤਰਿ ਕੋਟ ਗੁਫਾ ਘਰ ਜਾਈ।
ਨਉ ਘਰ ਥਾਪੇ ਹੁਕਮਿ ਰਜਾਈ।
ਦਸਵੈ ਪੁਰਖੁ ਅਲੇਖੁ ਅਪਾਰੀ।
ਆਪੇ ਅਲਖੁ ਲਖਾਇਦਾ।

ਇਵੇਂ ਹੀ ਗੁਰੂ ਅਮਰਦਾਸ ਜੀ ਨੇ ਫ਼ਰਮਾਇਆ:

ਨਉ ਦਰਿ ਠਾਕੇ ਧਾਵਤੁ ਰਹਾਏ
ਦਸਵੈ ਨਿਜ ਘਰਿ ਵਾਸਾ ਪਾਏ,
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ
ਗੁਰਮਤੀ ਸਬਦ ਸੁਣਾਵਣਿਆ।

ਦਸਵੇਂ ਦੁਆਰ ਵਿਚ ਇਕ-ਰਸ ਆਨੰਦ ਹੈ, ਮਾਨੋਂ, ਅਨਹਤ ਸ਼ਬਦ, ਈਸ਼ਵਰੀ ਨਾਦ ਵੱਜ ਰਹੇ ਹਨ, ਤੇ ਆਨੰਦ ਹੀ ਆਨੰਦ ਹੈ। ਗੁਰੂ ਅਮਰ ਦਾਸ ਜੀ ਨੇ ਆਨੰਦ ਸਾਹਿਬ ਵਿਚ ਇਉਂ ਫੁਰਮਾਇਆ :

ਹਰਿ ਜੀਉ ਗੁਫਾ ਅੰਦਰਿ ਰਖਿ ਕੈ
ਵਾਜਾ ਪਵਣੁ ਵਜਾਇਆ।
ਵਜਾਇਆ ਵਾਜਾ ਪਉਣ ਨਉ
ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ।
ਗੁਰਦੁਆਰੈ ਲਾਇ ਭਾਵਨੀ
ਇਕਨਾ ਦਸਵਾ ਦੁਆਰੁ ਦਿਖਾਇਆ।

ਪਵਣ ਦਾ ਵਾਜਾ ਵਜਿਆ, ਸਰੀਰ ਵਿਚ ਜਿੰਦ ਜਾਨ ਪਈ, ਨੌਂ ਇੰਦ੍ਰਿਆਂ ਦੇ ਦਰਵਾਜੇ ਖੁੱਲ੍ਹੇ, ਦਸਵਾਂ ਦੁਆਰ ਗੁਪਤ ਸੀ, ਨਜ਼ਰੀਂ ਆਇਆ। ਗੁਰੂ ਰਾਮਦਾਸ ਸਾਹਿਬ ਦਾ ਵਾਕ ਹੈ :

ਨਉ ਦਰਵਾਜ਼ੇ ਨਵੇ ਦਰ ਫੀਕੇ,
ਰਸ ਅੰਮ੍ਰਿਤੁ ਦਸਵੇ ਚੁਈਜੈ॥

ਜਗਤ ਦੇ ਰਸ-ਕਸ ਫਿੱਕੇ ਹਨ, ਆਤਮਿਕ ਰਸ ਵਿਚ ਆਨੰਦ ਹੈ। ਗੁਰੂ ਅਮਰ ਦਾਸ ਸਾਹਿਬ ਦੇ ਵਾਕ ਅਨੁਸਾਰ:

ਅੰਦਰ ਖੋਲੈ ਦਿਬ ਦਿਸਟਿ ਵੇਖੈ ਮੁਕਤਿ ਭੰਡਾਰਾ।

ਦਸਵਾਂ ਦੁਆਰ ਗਿਆਨ ਦੁਆਰ ਹੈ, ਗਿਆਨ ਖੰਡ ਹੈ, ਅਫੁਰ ਅਵਸਥਾ ਹੈ, ਜਿਥੇ ਗਿਆਨ ਦੀ ਅੱਖ ਪ੍ਰਤੱਖ ਵੇਖਦੀ ਹੈ ।

ਈਸ਼ਵਰੀ ਦਰਸ਼ਨ ਅਨੁਭਵ ਦੁਆਰਾ ਹੁੰਦਾ ਹੈ ਜਿਥੇ ਮੰਤਰ ਦੀਆਂ ਜਾਂ ਸਾਬਤ ਕਰਨ ਵਾਲੀਆਂ ਦਲੀਲਾਂ ਦੀ ਲੋੜ ਨਹੀਂ। ਪਰਮਾਤਮਾ ਦੀ ਪ੍ਰਤੱਖ ਹਜ਼ੂਰੀ ਜਾਪਦੀ ਹੈ, ਪਰਮਾਤਮਾ ਜ਼ਾਹਰਾ ਜ਼ਰੂਰ ਜਾਪਦਾ ਹੈ, ਕਿਸੇ ਦਲੀਲ ਤੋਂ ਅਨੁਮਾਨ ਕਰਨ ਵਾਲੀ ਜਾਂ ਨਤੀਜਾ ਕੱਢਣ ਵਾਲੀ ਗੱਲ ਨਹੀਂ। ਉਹ ਨਿਜ-ਪਰਤਾਵਾ ਆਪਣਾ ਸਬੂਤ ਆਪ ਹੀ ਹੈ ਤੇ ਪ੍ਰਤੱਖ ਹੈ। ਆਪੇ ਫੁਰਨ ਵਾਲੀ ਅਕਲ ਕੰਮ ਕਰਦੀ ਹੈ, ਕਿਸੇ ਦੀ ਤਸਦੀਕ ਦੀ ਲੋੜ ਨਹੀਂ। ਉਸ ਅਵਸਥਾ ਵਿਚ ਮਾਨੋਂ ਨਿਰੰਕਾਰ ਨੂੰ ਵੇਖੀਦਾ ਹੈ, ਅੰਦਰੋਂ ਮਹਿਸੂਸ ਕਰੀਦਾ ਹੈ ਤੇ ਰਖੀਦਾ ਹੈ। ਵੈਜ਼ਲੇ ਦੇ ਕਥਨ ਅਨੁਸਾਰ ਇਹ ਇਕ ਅੰਤਰਆਤਮੇ ਦੀ ਦ੍ਰਿਸ਼ਟੀ ਹੈ, ਅਰਥਾਤ ਉਹ ਸ਼ਕਤੀ ਜਿਸ ਨਾਲ ਆਤਮਿਕ ਗੱਲਾਂ ਦੀ ਸੋਝੀ ਪੈਂਦੀ ਹੈ, ਜਿਵੇਂ ਅਸੀਂ ਪਦਾਰਥਕ ਵਸਤੂਆਂ ਨੂੰ ਆਪਣੀਆਂ ਸਰੀਰਕ ਅੱਖਾਂ ਨਾਲ ਵੇਖਦੇ ਹਾਂ।

ਜਿਵੇਂ ਅਸੀਂ ਅੱਗੇ ਕਥਨ ਕਰ ਚੁਕੇ ਹਾਂ, ਦਿੱਬ-ਦ੍ਰਿਸ਼ਟੀ ਇਕ ਹੋਰ ਇੰਦ੍ਰੀ ਦੇ ਉਤਪੰਨ ਹੋਣ ਦਾ ਪਰਛਾਵਾਂ ਹੈ। ਮਨੋਵਿਗਿਆਨ ਦੀਆਂ ਨਵੀਆਂ ਖੋਜਾਂ ਕੁਝ ਇਹ ਅਨੁਮਾਨ ਦਿਵਾਂਦੀਆਂ ਹਨ ਕਿ ਦਲੀਲ ਦੇਣ ਦੀ ਸ਼ਕਤੀ ਪਸ਼ੂਆਂ ਵਾਲੀ ਬਿਰਤੀ ਤੋਂ ਪੈਦਾ ਹੋਈ। ਇਹ ਗੱਲ ਤਾਂ ਹਾਲਾਂ ਸਿੱਧ ਨਹੀਂ ਹੋਈ ਕਿ ਕੀ ਮਨ ਨੇ ਆਪਣੇ ਆਪ ਹੀ ਝਟ-ਪਟ ਅੱਡਰੀ ਤਰ੍ਹਾਂ ਜਨਮ ਲਿਆ, (ਜਿਵੇਂ ਡਾਰਵਿਨ ਕੁਦਰਤ ਦੀ ਲੀਲਾ ਨੂੰ ਮੰਨਦਾ ਹੈ), ਜਾਂ ਇਉਂ ਹੋਇਆ ਕਿ ਹੌਲੀ ਹੌਲੀ, ਕਦਮ ਕਦਮ ਬੇ-ਮਲੂਮੀ ਰਫਤਾਰ ਨਾਲ ਉੱਨਤ ਹੋਇਆ ਪਰ ਇਹ ਤਾਂ ਸਾਬਤ ਹੋਈ ਹੋਈ ਆਮ ਮਸ਼ਹੂਰ ਗੱਲ ਹੈ ਕਿ ਇਸ ਜੱਗ ਦੇ ਲੰਮੇ ਇਤਿਹਾਸ ਵਿਚ ਨਵਾਂ ਅੰਗ ਤੇ ਨਵੇਂ ਇੰਦ੍ਰੇ ਪੈਦਾ ਹੁੰਦੇ ਰਹੇ ਹਨ। ਆਤਮਿਕ ਜੀਵਨ ਦੀਆਂ ਅੱਜ ਕੱਲ ਦੀਆਂ ਖੋਜਾਂ ਆਤਮ-ਸ਼ਕਤੀ ਦੇ ਉਤਪੰਨ ਹੋਣ ਦਾ ਇਹੋ ਜਿਹਾ ਨਿਸ਼ਾਨ ਦਸਦੀਆਂ ਹਨ। ਜਿਵੇਂ ਇਹ ਮੰਨਿਆ ਗਿਆ ਹੈ ਕਿ ਪਸ਼ੂ ਜੀਵਨ ਵਿਚ ਕੁਝ ਅਜਿਹੀ ਗੱਲ ਹੋਈ (ਜੀਵਨ ਵਿਗਿਆਨ

ਵਾਲੇ ਇਸ ਨੂੰ ਸਪੋਰਟ ਜਾਂ ਲੀਲਾ ਕਹਿੰਦੇ ਹਨ)। ਪਸ਼ੂ ਅਕਲ ਤੋਂ ਮਨੁੱਖੀ ਅਕਲ ਇਕ ਵੇਰ ਮਾਨੋ ਇਕੋ ਪਲਾਂਘ ਨਾਲ ਉਤਪੰਨ ਹੋ ਗਈ, ਇਵੇਂ ਹੀ ਆਤਮਿਕ ਇੰਦ੍ਰੀ ਅਕਲ ਤੋਂ ਸੁਤੰਤਰ ਹੀ ਝਟ-ਪਟ ਪੈਦਾ ਹੋਈ ਤੇ ਉਸ ਦਾ ਨਿਰਭਰ ਬਾਜਿਆਂ ਵਿਚ ਅਕਲ ਤੇ ਨਹੀਂ ਸੀ। ਇਸ ਇੰਦ੍ਰੀ ਦੇ ਗੁਣ ਅਜਿਹੇ ਹਨ ਤੇ ਐਡੇ ਦੂਰ ਤੱਕ ਅਸਰ ਕਰਨ ਵਾਲੇ ਹਨ ਕਿ ਆਮ ਮਨੁੱਖੀ ਉੱਨਤੀ ਦੀ ਰਫਤਾਰ ਨੂੰ ਮਾਤ ਕਰ ਗਏ ਹਨ।[2] ਪ੍ਰਤੀਤ ਹੁੰਦਾ ਹੈ ਕਿ ਰਹੱਸਮਈ ਆਤਮਿਕ ਸਾਧਨਾ ਰਾਹੀਂ ਮਨੁੱਖੀ ਦ੍ਰਿਸ਼ਟੀ ਵਧੇਰੇ ਵਿਸ਼ਾਲ ਪਸਾਰੇ ਨੂੰ ਵੇਖ ਸਕਦੀ ਹੈ ਜੋ ਕਿ ਵਿਗਿਆਨਿਕ ਦ੍ਰਿਸ਼ਟੀ ਨਾਲ ਨਹੀਂ ਦਿਸ ਪੈਂਦਾ।

ਅੱਜ ਕੱਲ੍ਹ ਇਹ ਇਕ ਫੈਸ਼ਨ ਹੋ ਗਿਆ ਹੈ (ਤੇ ਇਸ ਗੱਲ ਨੂੰ ਅਸੀਂ ਨਿੰਦਦੇ ਨਹੀਂ) ਕਿ ਹਰ ਮਨੁੱਖੀ ਵਰਤਾਵੇ ਨੂੰ ਸਾਇੰਸ ਦੀਆਂ ਖੋਜਾਂ ਦੁਆਰਾ ਮੰਨਦੇ ਜਾਂ ਰੱਦਦੇ ਹਾਂ। ਉਨੀਵੀਂ ਸਦੀ ਵਿਚ ਤਾਂ ਇਹ ਸੀ ਕਿ ਜਿਹੜੀ ਗੱਲ ਸਾਇੰਸ ਵਾਲਿਆਂ ਦੀ ਸਾਇੰਸ ਵਿਚ ਮਲੂਮ ਨਹੀਂ ਸੀ ਤੇ ਉਨ੍ਹਾਂ ਦੀ ਕੈਮਿਸਟਰੀ ਜਾਂ ਮੈਕੈਨਿਕਸ ਉਸ ਨੂੰ ਨਹੀਂ ਜਾਣਦੀ ਸੀ, ਉਸ ਨੂੰ ਸਾਇੰਸ ਵਾਲੇ ਉਕਾ ਮੰਨਦੇ ਹੀ ਨਹੀਂ ਸਨ, ਪਰ ਹੁਣ ਤਾਂ ਇਹ ਗੱਲ ਮੁੱਕ ਗਈ ਹੈ। ਵੀਹਵੀਂ ਸਦੀ ਦੀਆਂ ਖੋਜਾਂ ਕਰਕੇ ਸਾਇੰਸ ਵਾਲੇ ਹੁਣ ਇਹ ਨਹੀਂ ਕਹਿੰਦੇ ਕਿ ਜੋ ਕੁਝ ਉਹ ਮੰਨਦੇ ਹਨ ਉਹੋ ਠੀਕ ਹੈ; ਹੁਣ ਇਤਨਾ ਜ਼ਰੂਰ ਹੈ ਕਿ ਜੋ ਕੁਝ ਉਹ ਮੰਨਦੇ ਹਨ, ਉਹ ਬਹੁਤੀ ਹੱਦ ਤੱਕ ਠੀਕ ਹੀ ਹੁੰਦਾ ਹੈ, ਜੋ ਕੁਝ ਸਾਇੰਸ ਦੀਆਂ ਅੱਜ ਕੱਲ੍ਹ ਖੋਜਾਂ ਹੋਈਆਂ ਹਨ ਉਨ੍ਹਾਂ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਨਿਰੰਕਾਰ ਬਾਰੇ ਜੋ ਕੁਝ ਉੱਨਤ ਧਰਮ ਵਾਲੇ ਲੋਕ ਕਹਿੰਦੇ ਹਨ, ਉਹ ਸਾਇੰਸ ਦੀਆਂ ਅੱਜ ਕੱਲ੍ਹ ਦੀਆਂ ਖੋਜਾਂ ਦੇ ਵਿਰੁੱਧ ਨਹੀਂ।

ਵਿਲੀਅਮ ਜੇਮਜ਼ ਧਾਰਮਿਕ ਅਨੁਭਵਾਂ ਬਾਰੇ ਆਪਣੀ ਪੁਸਤਕ[3] ਵਿਚ ਇਸ ਗੱਲ ਦੀ ਸ਼ਿਕਾਇਤ ਕਰਦਾ ਹੈ ਕਿ ਹਾਲਾਂ ਤੱਕ ਆਤਮਾ-ਪਰਮਾਤਮਾ ਦੇ ਮੇਲ ਦੇ ਵਿਸ਼ੇ ਦੀ ਲੋਕਾਂ ਨੂੰ ਚੰਗੀ ਸੋਝੀ ਨਹੀਂ ਤੇ ਫ਼ਿਲਾਸਫਰਾਂ ਤੇ ਸਾਇੰਸ ਜਾਣਨ ਵਾਲਿਆਂ ਦੋਹਾਂ ਧਿਆਨ ਨਹੀਂ ਕੀਤਾ। ਉਹ ਇਹ ਵੀ ਲਿਖਦਾ ਹੈ ਕਿ ਮਜ਼੍ਹਬ ਦੀ ਸਾਇੰਸ ਤੇ ਮੁੱਢਲੀਆਂ ਗੱਲਾਂ ਦਾ ਨਿਰਭਰ ਨਿੱਜ-ਪਰਤਾਵੇ ਤੇ ਹੀ ਹੈ। ਇਸ ਬਾਰੇ ਉਸ ਨੂੰ ਮਿਲਿਆ ਉਸ ਦੀ ਡੂੰਘੀ ਖੋਜ-ਭਾਲ ਕਰਕੇ ਉਹ ਉਸੇ ਨਤੀਜੇ ਤੇ ਜਿਸ ਤੇ ਸਿਆਣੇ ਧਾਰਮਿਕ ਚਾਅ ਵਾਲੇ ਆਦਮੀ ਪੁੱਜੇ ਹਨ।

ਸਾਇੰਸ ਦੀਆਂ ਖੋਜਾਂ ਇਸ ਗੱਲ ਦੀ ਕੁਝ ਸਾਖੀ ਭਰਦੀਆਂ ਹਨ ਕਿ ਸਾਧਾਰਨ ਰੋਜ਼ਾਨਾ ਜੀਵਨ ਦੇ ਤਜਰਬੇ ਵਿਚ ਆਉਣ ਵਾਲੀਆਂ ਚੀਜ਼ਾਂ ਤੋਂ ਉਚੇਰੀ ਹੋਰ ਸੱਤਾ ਹੈ, ਅਤੇ ਜੇ ਅਸੀਂ ਉਸ ਦੀ ਝਲਕ ਵੇਖਣੀ ਹੋਵੇ ਤਾਂ ਆਵੱਸ਼ਕ ਹੈ ਕਿ ਸਾਡੇ ਪਾਸ ਉਹ ਅਨੁਭਵ-ਸ਼ਕਤੀ ਹੋਵੇ ਜੋ ਮਾਦੀ ਵਿਕਾਸ ਦੁਆਰਾ ਬਣੀਆਂ ਇੰਦ੍ਰੀਆਂ ਤੋਂ ਭਿੰਨ ਹੋਵੇ, ਐਸਾ ਅਨੁਭਵ, ਕਿਸੇ ਹੱਦ ਤੀਕ, ਹਰ ਕਿਸੇ ਪਾਸ ਹੈ, ਪਰ ਮਨੁੱਖ ਜਾਤੀ ਦੇ ਕਈ ਵਿਅਕਤੀਆਂ ਪਾਸ ਹੋਰਨਾਂ ਤੋਂ ਵਧੇਰਾ ਹੈ।[4]

ਆਤਮ-ਗਿਆਨ ਦੀਆਂ ਖੋਜਾਂ ਦਾ ਸਿੱਟਾ ਪੂਰਨ ਨਿਸ਼ਚਾ ਦਿਵਾਣ ਵਾਲਾ ਤਾਂ ਨਹੀਂ ਪਰ ਇਹ ਗੱਲ ਵਿਚਾਰਨ ਵਾਲੀ ਹੈ ਕਿ ਰੂਹਾਂ ਨਾਲ ਗੱਲ ਬਾਤ ਕਰਨ ਦੇ ਜਿਹੜੇ ਪਰਤਾਵੇ ਜਾਂ ਤਜਰਬੇ ਹੋਏ ਹਨ ਉਨ੍ਹਾਂ ਤੋਂ ਵੀ ਉਕਤ ਸਿੱਟਾ ਨਿਕਲਦਾ ਹੈ। ਡਬਲਯੂ ਐਚ ਮਾਇਰਜ਼ ਜਿਸ ਨੇ ਆਤਮਿਕ ਗੱਲਾਂ ਦੀ ਵਿਚਾਰ ਬੜੀ ਮਿਹਨਤ, ਸੋਚ ਵਿਚਾਰ ਤੇ ਖੋਜ ਕਰ ਕੇ ਕੀਤੀ ਹੈ, ਲਿਖਦਾ ਹੈ: 'ਸਿਧਾਂਤਿਕ ਤੌਰ ਤੇ ਆਤਮਾ ਦੀਆਂ ਇਨ੍ਹਾਂ ਉਡਾਰੀਆਂ ਦੀ ਅਹਿਮੀਅਤ ਸੱਚ ਮੁਚ ਬੜੀ ਹੈ। ਇਹ ਅਹਿਮੀਅਤ ਇੱਡੀ ਹੈ ਕਿ ਬਹੁਤ ਸਾਰੇ ਲੋਕ ਇਸ ਸਿਧਾਂਤ ਨੂੰ ਮੰਨਣੋ ਜ਼ਰਾ ਵੀ ਹੀਲ ਹੁਜਤ ਨਾ ਕਰਨਗੇ ਜਿਹੜਾ ਸਾਨੂੰ ਸਿੱਧਾ ਰਹੱਸਵਾਦ ਦੇ ਅੰਦਰ ਵਾਰ ਲੈ ਜਾਂਦਾ ਹੈ, ਤੇ ਮਾਨੋ ਕਹਿੰਦਾ ਹੈ ਕਿ ਨਿਰੰਕਾਰ ਆਪ ਚੁੱਕ ਕੇ ਸਾਨੂੰ ਉਸ ਪਵਿੱਤਰ ਅਸਥਾਨ ਦੇ ਅੰਦਰ ਪ੍ਰਵੇਸ਼ ਕਰਾਂਦਾ ਹੈ।'[5]

ਕਈ ਲੋਕ ਕਹਿੰਦੇ ਹਨ ਕਿ ਆਤਮਾ ਦਾ ਪਰਮਾਤਮਾ ਨਾਲ ਮੇਲ ਮਿਲਾਪ ਦਾ ਪਰਤਾਵਾ ਕਰਨ ਵਾਲਿਆਂ ਦੀ ਆਪ-ਮੰਨੀ ਗੱਲ ਹੈ ਪਰ ਇਹ ਗੱਲ ਉਹ ਤਾਂ ਹੀ ਕਹਿਣ ਦੇ ਹੱਕਦਾਰ ਹੋ ਸਕਦੇ ਹਨ ਜਦ ਉਨ੍ਹਾਂ ਨੂੰ ਵੀ ਇਹ ਪਰਤਾਵਾ ਹੋਵੇ। ਇਹ ਪਰਤਾਵਾ ਮਾਨਸਿਕ ਰੁਚੀ ਜਾਂ ਸੁਭਾਉ ਤੋਂ ਅੱਡਰਾ ਹੈ ਤੇ ਆਪਣੀ ਮਰਜ਼ੀ ਨਾਲ ਕੋਈ ਇਸ ਨੂੰ ਪੈਦਾ ਨਹੀਂ ਕਰ ਸਕਦਾ। ਇਹ ਮਨ ਦੀ ਅਵਸਥਾ ਨਹੀਂ, ਨਾ ਮਨ ਦੇ ਵੱਸ ਦੀ ਗੱਲ ਹੈ, ਇਹ ਤਾਂ ਪਰਤਾਵਾ ਹੈ, ਹੱਡ-ਬੀਤੀ ਗੱਲ ਹੈ, ਫਰਜ਼ੀ ਜਾਂ ਖਿਆਲੀ ਗੱਲ ਨਹੀਂ। ਸੱਚ ਮੁੱਚ ਦੀ ਗੱਲ ਹੈ, ਪਰਮ ਅਸਲੇ ਸਤਿ ਨਾਲ ਨਿੱਜ ਮੇਲ ਦੀ ਵਿਥਿਆ ਹੈ।

ਨਾਲ ਹੀ ਧਾਰਮਿਕ ਵਿਸ਼ਿਆਂ ਦੇ ਪੜ੍ਹਨ ਵਾਲੇ ਚੰਗੀ ਤਰ੍ਹਾਂ ਜਾਣਦੇ ਹਨ ਕਿ ਬਹੁਤ ਵੇਰ ਧਾਰਮਿਕ ਚਾਅ ਵਾਲਿਆਂ ਨੂੰ ਇਹ ਪਰਤਾਵਾ ਨਹੀਂ ਹੁੰਦਾ, ਹਾਲਾਂ ਕਿ ਉਹ ਇਸ ਲਈ ਬਹੁਤ ਤਰਸਦੇ ਹਨ। ਈਰਾਨ ਦੇ ਸੂਫੀ, ਆਤਮਾ ਦੀ ਇਸ ਦਸ਼ਾ ਨੂੰ 'ਕਬਜ਼' ਕਹਿੰਦੇ ਹਨ। ਪੱਛਮ ਦੇ ਭਗਤ ਇਸ ਨੂੰ 'ਖੁਸ਼ਕੀ ਕਹਿੰਦੇ ਹਨ। ਪੂਰਬ ਦੀਆਂ ਧਾਰਮਿਕ ਕਵਿਤਾਵਾਂ

ਸ਼ੋਂਕ 'ਤੇ ਗਿਲਿਆਂ ਨਾਲ ਭਰੀਆਂ ਪਈਆਂ ਹਨ ਕਿ ਪਿਆਰੇ ਦੇ ਦੀਦਾਰ ਨਸੀਬ ਨਹੀਂ ਹੁੰਦੇ। ਪੱਛਮ ਵਿਚ ਇਹ ਗੱਲ ਉੱਘੀ ਹੈ ਕਿ ਕਿਵੇਂ ਸਵੀਡਨਬਰਗ ਨੂੰ ਵੀਹ ਵਰ੍ਹੇ ਇਹ ਪਰਤਾਵਾ ਹੁੰਦਾ ਰਿਹਾ ਤੇ ਫੇਰ ਮਗਰੋਂ ਉਹ ਇਸ ਪਰਤਾਵੇ ਤੋਂ ਵਾਂਜਿਆਂ ਰਿਹਾ ਹੈ।

ਕਿਸੇ ਮਨੁੱਖ ਨੂੰ ਉਸ ਪਰਤਾਵੇ ਦਾ ਨਿਸ਼ਚਾ ਦਿਵਾਣਾ ਜਿਹੜਾ ਉਸ ਨੂੰ ਆਪ ਨਹੀਂ ਹੋਇਆ, ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੈ। ਤੁਸੀਂ ਡਰੇ ਨੂੰ ਕਿਵੇਂ ਨਿਸ਼ਚਾ ਦਿਵਾ ਸਕਦੇ ਹੋ ਕਿ ਆਵਾਜ਼ ਦੀਆਂ ਲਹਿਰਾਂ ਹੁੰਦੀਆ ਹਨ, ਤੇ ਅੰਨ੍ਹਾਂ ਕਿਵੇਂ ਮੰਨ ਸਕਦਾ ਹੈ ਕਿ ਰੋਸ਼ਨੀ ਦੀਆਂ ਲਹਿਰਾਂ ਹੁੰਦੀਆਂ ਹਨ। ਪਰ ਜਿਵੇਂ ਟਾਮਸ ਬਰਾਊਨ ਕਹਿੰਦਾ ਹੈ ਕਿ ਸਾਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਜਿਸ ਆਦਮੀ ਨੇ ਆਪਣੀਆਂ ਅੱਖਾਂ ਨਾਲ ਇਹ ਨਹੀਂ ਵੇਖਿਆ ਕਿ ਮਿਕਨਾਤੀਸੀ ਸੂਈ ਆਪਣੇ ਆਪ ਉੱਤਰ ਵਲ ਮੁੜ ਜਾਂਦੀ ਹੈ, ਉਸ ਨੂੰ ਭਾਵੇਂ ਕਿਵੇਂ ਜ਼ਬਾਨੀ ਨਿਸ਼ਚਾ ਦਿਵਾਉ ਦਲੀਲਾਂ ਦਿਉ, ਉਸ ਨੂੰ ਨਿਸ਼ਚਾ ਨਹੀਂ ਹੁੰਦਾ, ਪਰ ਅੱਖਾਂ ਸਾਮ੍ਹਣੇ ਇਕ ਵੇਰ ਤਜਰਬਾ ਕਰੋ ਤਾਂ ਸਹਿਜੇ ਹੀ ਮੰਨ ਜਾਂਦਾ ਹੈ, ਤੇ ਇਸ ਗੱਲ ਦੀ ਸੋਝੀ ਪੈ ਜਾਂਦੀ ਹੈ। ਉਸ ਆਦਮੀ ਦਾ ਜਿਸ ਨੂੰ ਆਤਮਿਕ ਪਰਤਾਵਾ ਨਹੀਂ ਹੋਇਆ, ਧਾਰਮਿਕ ਸਚਿਆਈਆਂ ਬਾਰੇ ਹੈਰਾਨੀ ਹੋਣੀ ਜਾਂ ਮੰਨਣਾ ਇਵੇਂ ਹੀ ਹੈ ਜਿਵੇਂ ਉਸ ਜਾਂਗਲੀ ਦੀ ਗੱਲ ਜਿਸ ਨੂੰ ਪਹਿਲੀ ਵੇਰ ਲਿਖਤ ਦੀ ਵਰਤੋਂ ਦਾ ਪਰਤਾਵਾ ਹੋਇਆ, ਜਦ ਇਕ ਪਾਦਰੀ ਨੇ ਇਕ ਸੁਨੇਹਾ ਇੱਟ ਤੇ ਲਿਖ ਕੇ ਜਾਂਗਲੀ ਦੇ ਹੱਥੀਂ ਆਪਣੀ ਇਸਤ੍ਰੀ ਨੂੰ ਘਲਿਆ ਕਿ ਮੈਨੂੰ ਖਾਣਾ ਘਲੋਂ, ਤੇ ਇਸਤ੍ਰੀ ਨੇ ਝਟ-ਪਟ ਖਾਣਾ ਉਸ ਦੇ ਹਵਾਲੇ ਕੀਤਾ ਤੇ ਜਾਂਗਲੀ ਹੈਰਾਨ ਰਹਿ ਗਿਆ। ਸਾਡੀ ਹੈਰਾਨੀ ਵੀ ਇਹੋ ਜਿਹੀ ਸੀ ਜਦੋਂ ਪਹਿਲੇ ਪਹਿਲ ਅਸੀਂ ਗਰਾਮੋਫੋਨ ਤੇ ਰੇਡੀਉ ਵੇਖੇ ਸਨ।

ਅਨੁਭਵੀ ਗਿਆਨ ਮੰਤਕੀ ਦਲੀਲਾਂ ਤੋਂ ਨਤੀਜਾ ਕੱਢਣ ਵਾਲੇ ਗਿਆਨ ਤੋਂ ਵੱਖਰਾ ਹੈ। ਦਿੱਬ ਦ੍ਰਿਸ਼ਟੀ ਦੇ ਅਰਥ ਕੇਵਲ ਬੁੱਧੀ, ਅਹਿਸਾਸ ਜਾਂ ਇਰਾਦਾ ਨਹੀਂ, ਇਹ ਇਨ੍ਹਾਂ ਤਿੰਨਾਂ ਦਾ ਮੇਲ ਹੈ, ਤੇ ਮਿਲਵੀਂ ਹਾਲਤ ਵਿਚ ਇਹ ਇਨ੍ਹਾਂ ਤਿੰਨਾਂ ਤੋਂ ਉੱਪਰ ਹੈ, ਮਾਨੋਂ ਮਨ ਤੇ ਜਜ਼ਬਿਆਂ ਦਾ ਮਿਲਵਾ ਵਿਸਥਾਰ ਹੈ, ਜਿਸ ਵਿੱਚ ਸੋਚਾਂ ਉਤਨਾ ਹੀ ਕੰਮ ਕਰਦੀਆਂ ਹਨ ਜਿਤਨਾ ਜਜ਼ਬੇ। ਅਨੁਭਵ ਦਾ ਬੁੱਧੀ ਨਾਲ ਉਹੋ ਸੰਬੰਧ ਹੈ ਜਿਹੜਾ ਪ੍ਰਤੱਖ ਦੇਖਣ ਦੀ ਸ਼ਕਤੀ ਨੂੰ ਛੁਹ ਦੀ ਸ਼ਕਤੀ ਨਾਲ ਹੈ। ਇਹ ਠੀਕ ਹੈ ਹਾਲਾਂ ਤੀਕ ਆਤਮਿਕ ਪਰਤਾਵੇ ਬਾਰੇ ਡੂੰਘੀ ਵਿਚਾਰ ਜਾਂ ਵਿਸ਼ਲੇਸ਼ਣ ਨਹੀਂ ਹੋ ਸਕੇ, ਪਰ ਇਹ ਪਰਤਾਵਾ ਬੇਦਲੀਲ ਨਹੀਂ ਤੇ ਨਾ ਦਲੀਲ ਜਾਂ ਬੁੱਧੀ ਦੇ ਵਿਰੁੱਧ ਹੈ। ਇਹ ਅਕਲ ਤੋਂ ਇੱਡਾ ਹੀ ਉੱਪਰ ਤੇ ਵੱਖਰਾ ਹੈ ਜਿਵੇਂ ਕੋਈ ਨਿੱਗਰ ਚੀਜ਼ ਸਾਦੀ ਸਤਹ ਤੋਂ ਵੱਖਰੀ ਹੁੰਦੀ ਹੈ। ਦਲੀਲਬਾਜ਼ੀ ਸਾਡਿਆਂ ਜਜ਼ਬਿਆਂ ਤੇ ਅਹਿਸਾਸਾਂ ਨੂੰ ਨਿਰਜਿੰਦ ਹੱਡੀਆਂ ਬਣਾ ਕੇ ਰੱਖ ਦਿੰਦੀ ਹੈ। ਸਾਡਿਆਂ ਜਜ਼ਬਿਆਂ ਵਿਚ ਜਿੰਦ ਜਾਨ, ਤਾਕਤ ਤੇ ਖੁਲ੍ਹ ਹੁੰਦੀ ਹੈ। ਅਕਲੀ ਦਲੀਲਾਂ ਇਨਾਂ ਨੂੰ ਲੱਕੜ ਵਾਂਗ ਕੁਰਖ਼ਤ ਤੇ ਸਖ਼ਤ ਕਰਦੀਆਂ ਤੇ ਉਨ੍ਹਾਂ ਦਾ ਮਾਨੋ ਵੇਸ਼, ਰੰਗ, ਰੂਪ ਵਟਾ ਦਿੰਦੀਆਂ ਹਨ। ਜਜ਼ਬੇ ਤਾਂ ਜਿੰਦ ਜਾਨ ਵਾਲੇ ਹਰਕਤ ਕਰਨ ਵਾਲੇ ਹੋਏ ਤੇ ਅਕਲੀ ਦਲੀਲਾਂ ਵਸਤੂਆਂ ਦੀ ਅਚਲ ਦਸ਼ਾ ਤੱਕ ਹੀ ਮਹਿਦੂਦ ਹੁੰਦੀਆਂ ਹਨ।

ਹੋਰ ਸ਼ਕਤੀਆਂ ਤੋਂ ਛੁੱਟ ਸਾਡੇ ਵਿਚ ਦੋ ਅੱਡਰੀਆਂ ਸ਼ਕਤੀਆਂ ਹਨ, ਇਕ ਗਣਿਤ ਵਿੱਦਿਆ ਦੀਆਂ ਸਚਿਆਈਆਂ ਨੂੰ ਸਮਝਣ ਦੀ ਸ਼ਕਤੀ ਤੇ ਦੂਜੀ ਕਮਲ ਹੁਨਰ ਦੀਆਂ ਸਚਿਆਈਆਂ ਨੂੰ ਸਮਝਣ ਵਾਲੀ ਸ਼ਕਤੀ। ਪਰ ਨਾਂ ਤਾਂ ਕੋਮਲ ਹੁਨਰ ਗਣਿਤ-ਵਿਦਿਆ ਦੇ ਵਿਰੁੱਧ ਹੈ, ਤੇ ਨਾ ਗਣਿਤ-ਵਿੱਦਿਆ ਕੋਮਲ ਹੁਨਰ ਦੇ ਉਲਟ ਹੈ। ਪਾਲਸਨ ਦੇ ਕਥਨ ਅਨੁਸਾਰ ਵਿੱਦਿਆ ਇਕ ਸੰਬੰਧ ਦਾ ਨਾਮ ਹੈ ਤੇ ਪਰਮ ਸਤਿ ਨੂੰ ਨਹੀਂ ਪੁੱਜਦੀ, ਸਾਡੇ ਅੰਤ੍ਰੀਵ ਜੀਵਨ ਨੂੰ ਜ਼ਾਹਰ ਕਰਨ ਲਈ ਕਿਸੇ ਹੋਰ ਚੀਜ਼ ਦੀ ਲੋੜ ਹੈ, ਅਰਥਾਤ ਸਾਡੇ ਜਜ਼ਬਾਤੀ ਜੀਵਨ ਦਾ ਪਰਮ ਸਤਿ ਨਾਲ ਸੰਬੰਧ ਜੋੜਨਾ ਹੈ।"[6]

ਨਿਰੰਕਾਰ ਵਿੱਚ ਸਿੱਖੀ ਵਿਸ਼ਵਾਸ ਅਨੁਭਵੀ ਵਿਸ਼ਵਾਸ ਹੈ। ਅਸੀਂ ਇਸ ਨੂੰ ਅਕਲ ਦਾ ਕਰਮ ਕਹਿ ਸਕਦੇ ਹਾਂ, ਪਰ ਉਹ ਤਾਂ ਹੀ ਜੇ ਕਦੀ ਇਹ ਮੰਨੀਏ ਕਿ ਖੁੱਲ੍ਹੇ ਅਰਥਾਂ ਵਿੱਚ ਅਨੁਭਵ ਮਨ ਦੀ ਸ਼ਕਤੀ ਹੈ, ਇਹ ਅਨੁਭਵੀ ਸ਼ਕਤੀ ਮਨ ਤੇ ਉਨ੍ਹਾਂ ਗੁਣਾਂ ਕਰਮਾਂ ਤੋਂ ਪਰੇ, ਉੱਪਰ ਤੇ ਬਾਹਲੀ ਹੱਦ ਤੱਕ ਵੱਖਰੀ ਹੈ ਜਿਨ੍ਹਾਂ ਦਾ ਸੰਬੰਧ ਮੰਤਕ ਜਾਂ ਗਣਿਤ-ਵਿੱਦਿਆ ਨਾਲ ਹੈ। ਇਹ ਦਸਵਾਂ ਦੁਆਰ ਜਾਂ ਦਿੱਬ ਦ੍ਰਿਸ਼ਟੀ ਹੈ ਜਿਹੜੀ ਨਵੇਂ ਇੰਦ੍ਰੇ ਦੁਆਰਾ ਕੰਮ ਕਰਦੀ ਹੈ ।

ਫਲਿੰਟ ਦਾ ਕਥਨ ਹੈ :

ਕੇਵਲ ਅਕਲ ਦੀਆਂ ਖੋਜਾਂ ਤੇ ਵੱਡੀਆਂ ਤੋਂ ਵੱਡੀਆਂ ਜਿੱਤਾਂ ਦੀ ਪੂਰਨਤਾ ਲਈ ਉਨ੍ਹਾਂ ਦਾ ਸੰਬੰਧ ਉਨ੍ਹਾਂ ਸਚਿਆਈਆਂ ਨਾਲ ਜੋੜਿਆ ਲੋੜੀਏ ਜਿਹੜੀਆਂ ਖ਼ਾਸ ਅਨੁਭਵ ਦੁਆਰਾ ਹੀ ਸਾਨੂੰ ਪ੍ਰਾਪਤ ਹੁੰਦੀਆਂ ਹਨ। ਟਾਮਸ

ਐਕਵੀਨਾਸ ਨੇ ਵੀ ਉਸ ਤੋਂ ਬਹੁਤ ਪਹਿਲੇ ਇਹੋ ਕਿਹਾ ਸੀ:[7]

"ਪਰਮ ਆਨੰਦ ਗਿਆਨ ਵਿੱਚ ਹੈ, ਉਹ ਪ੍ਰਤੱਖ ਗਿਆਨ ਨਹੀਂ ਜਿਹੜਾ ਸਾਨੂੰ ਮਨੁੱਖਾਂ ਦਾ ਹੁੰਦਾ ਹੈ, ਨਾ ਹੀ ਗੱਲਾਂ ਨੂੰ ਸਾਬਤ ਕਰਨ ਦਾ ਗਿਆਨ, ਨਾ ਕਿਸੇ ਦੂਸਰੇ ਦੇ ਕਥਨ ਨੂੰ ਮੰਨਣ ਦਾ ਗਿਆਨ, ਨਾ ਵਿਚਾਰਵਾਨਾਂ ਵਾਲਾ ਗਿਆਨ, ਬਲਕਿ ਉਹ ਗਿਆਨ ਜਿਹੜਾ ਇਨ੍ਹਾਂ ਸਾਰਿਆਂ ਤੋਂ ਉੱਪਰ ਹੈ। ਇਸ ਮੰਤਵ ਨੂੰ ਪੁੱਜਣ ਲਈ ਸਾਧਾਰਨ ਇੰਦ੍ਰਿਆਂ ਤੋਂ ਉੱਪਰ ਉਠਣਾ ਲੋੜੀਂਦਾ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ :[8]

ਚਰਮ ਦ੍ਰਿਸ਼ਟ ਮੂਦ ਪੇਖੈ ਦਿਬ ਦ੍ਰਿਸ਼ਟ ਕੈ
ਜਗਮਗ ਜੋਤ ਉਨਮਨੀ ਸੁਧ ਪਾਵਈ।
ਸੁਰਤਿ ਸੰਕੋਚਤ ਹੀ ਬਜ੍ਰ ਕਪਾਟ ਖੋਲਿ
ਨਾਦ ਬਾਦ ਪਰੈ ਅਨਹਤ ਲਿਵ ਲਾਵਈ।

ਨਿਰੰਕਾਰ ਬਾਰੇ ਸਿੱਖ ਗੁਰੂ ਸਾਹਿਬਾਨ ਦਾ ਗਿਆਨ ਦਿੱਬ ਦ੍ਰਿਸ਼ਟੀ ਵਾਲਾ ਸੀ, ਅਰਥਾਤ ਸੋਝੀ ਵਾਲਾ ਨਿੱਜ ਪਰਤਾਵਾ, ਜਿਹੜਾ ਅਕਲ ਦੀ ਕਸੌਟੀ 'ਤੇ ਪੂਰਾ ਉਤਰਦਾ ਸੀ। ਇਹ ਪਰਤਾਵਾ ਕੇਵਲ ਦਲੀਲਾਂ ਦੇ ਆਧਾਰ ਤੇ ਨਹੀਂ ਸੀ। ਗੁਰੂ ਸਾਹਿਬਾਨ ਨੇ ਅੰਤਰ-ਆਤਮੇ ਨਿਰੰਕਾਰ ਦੀ ਹਜ਼ੂਰੀ ਨੂੰ ਅਨੁਭਵ ਕੀਤਾ, ਇਹ ਕੇਵਲ ਖਿਆਲ ਜਾਂ ਅਨੁਮਾਨ ਨਹੀਂ ਸੀ। ਪਰੰਤੂ ਉਨ੍ਹਾਂ ਸਚਿਆਈਆਂ ਵਾਂਗ ਇਕ ਸਤਿ ਦੀ ਸੋਝੀ ਸੀ ਜਿਨ੍ਹਾਂ ਦਾ ਉਨ੍ਹਾਂ ਨੂੰ ਗਿਆਨ ਹੋਇਆ।

ਨਿਰੰਕਾਰ ਅਲਖ ਹੈ, ਪਰ ਕੇਵਲ ਦੇ ਇਨ੍ਹਾਂ ਅਰਥਾਂ ਵਿਚ ਕਿ ਉਸ ਦੇ ਗੁਣ ਅਨੰਤ ਹਨ, ਇਸ ਲਈ ਸਾਨੂੰ ਉਸ ਦੇ ਸਮੂਹ ਗੁਣਾਂ ਦੀ ਸੋਝੀ ਨਹੀਂ ਹੋ ਸਕਦੀ। ਪਰ ਨਿਰਸੰਦੇਹ ਸਾਨੂੰ ਉਸ ਦੀ ਸੋਝੀ ਉਵੇਂ ਹੀ ਹੋ ਸਕਦੀ ਹੈ ਤੇ ਉਸ ਦਾ ਅਹਿਸਾਸ ਹੋ ਸਕਦਾ ਹੈ ਜਿਵੇਂ ਜੀਵਨ ਤੇ ਪ੍ਰੇਮ ਦੀ ਸੋਝੀ ਤੇ ਅਹਿਸਾਸ ਹੁੰਦਾ ਹੈ। ਅਸੀਂ ਭਾਵੇਂ ਅਨੰਤਤਾ ਨਾ ਸਮਝ ਸਕੀਏ ਪਰ ਉਨ੍ਹਾਂ ਗੱਲਾਂ ਨੂੰ ਤਾਂ ਅਸੀਂ ਸਮਝਦੇ ਹਾਂ ਜਿਨ੍ਹਾਂ ਦਾ ਸੰਬੰਧ ਸਾਡੇ ਜੀਵਨ ਨਾਲ ਹੈ। ਉਨ੍ਹਾਂ ਦੀ ਸਾਨੂੰ ਸੋਝੀ ਪੈ ਸਕਦੀ ਹੈ, ਭਾਵੇਂ ਪੂਰਨ ਗਿਆਨ ਨਾ ਹੀ ਹੋਵੇ। ਜਦ ਨਿਰੰਕਾਰ ਨੂੰ ਪਾ ਲਈਏ ਤਾਂ ਉਸ ਦੇ ਗੁਣਾਂ ਦੇ ਸਮਝਣ ਦੀਆਂ ਗੁੰਝਲਾਂ ਹਟ ਜਾਂਦੀਆਂ ਹਨ। ਈਸ਼ਵਰੀ ਗਿਆਨ ਨੂੰ ਅਕਲੀ ਦਲੀਲਾਂ ਦੁਆਰਾ ਸਿੱਧ ਕਰਨ ਦਾ ਜਤਨ ਕਰਨਾ ਕੁਝ ਬਾਹਲਾ ਫਲਦਾਇਕ ਨਹੀਂ ਹੋ ਸਕਦਾ ਕਿਉਂਕਿ ਇਹ ਜਤਨ ਕੁਝ ਬੇਥਵੇ, ਤੇ ਕੁਥਾਵੇਂ ਹਨ। ਇਹ ਯਤਨ ਬਾਹਲੀ ਜਾਂ ਥੋੜ੍ਹੀ ਹੱਦ ਤੱਕ ਸਾਬਤ ਕਰਨ ਦੇ ਜਤਨ ਹਨ, ਅਨੁਭਵੀ ਨਹੀਂ। ਪਰ ਜਦ ਅਨੁਭਵੀ ਸ਼ਕਤੀ ਜਾਗੇ ਤੇ ਦਸਵਾਂ ਦੁਆਰ ਖੁਲ੍ਹੇ ਤਾਂ ਫੇਰ ਸਤਿ ਪ੍ਰਤੱਖ ਨਜ਼ਰੀ ਆਉਂਦਾ ਹੈ। ਉਸ ਦਸ਼ਾ ਵਿਚ :

ਜਾਗਤ ਜੋਤ ਜਪੈ ਨਿਸ ਬਾਸਰ ਏਕ ਬਿਨਾ ਮਨ ਨੈਕ ਨ ਆਨੈ

ਮਨ ਵਿਚ ਜੋਤੀ ਲਟ-ਲਟ ਜਗਦੀ ਹੈ ?

ਗੁਰੂ ਉਪਦੇਸ਼ ਅਵੇਸ਼ ਕਰ ਕੀੜੀ ਭਰਿੰਡ ਵਾਂਗ ਵਿਡਾਣੈ

ਕੀੜੀ ਮਾਨੋ ਤਿਰੀ ਬਣ ਕੇ ਆਕਾਸ਼ ਵਿਚ ਉਡਣ ਲਗਦੀ ਹੈ:

ਭਾਂਜਨ ਕੈ ਜੈਸੇ ਕਉ ਦੀਪਕ ਦੁਰਾਵ ਰਾਖੈ,
ਮੰਦਰ ਮੈਂ ਅਛਤ ਹੀ ਦੂਸਰੋਂ ਨਾ ਜਾਨਈ।
ਜੋ ਮੈਂ ਰਖਵੱਯਾ ਪੁਨ ਪ੍ਰਗਟ ਪ੍ਰਗਾਸ ਕਰੈ
ਹਰੈ ਤਮ ਤਿਮਰ ਉਦੰਤ ਦੋਤਿ ਠਾਨਈ।
ਸਕਲ ਸਮਗਰੀ ਗ੍ਰਿਹਿ ਪੇਖੀਐ ਪ੍ਰਤਛ ਰੂਪ
ਦੀਪਕ ਦਿਪੱਯਾ ਤਤਖਿਨ ਪਹਿਚਾਨਈ।

ਜੋ ਕੋਈ ਦੀਵੇ ਨੂੰ ਲੁਕਾ ਕੇ ਰੱਖ ਦੇਵੇ, ਤਾਂ ਭਾਵੇਂ ਦੀਵਾ ਉਥੇ ਹੀ ਹੈ ਫੇਰ ਵੀ ਕੁਝ ਦਿਸਦਾ ਨਹੀਂ, ਪਰ ਜਦ ਦੀਵੇ ਨੂੰ ਲੁਕਾਣ ਵਾਲਾ ਪਰਦਾ ਹਟਾ ਲਏ ਤਾਂ ਡੂੰਘਾ ਹਨੇਰਾ ਹਟ ਜਾਂਦਾ ਹੈ ਤੇ ਸਭ ਚੀਜ਼ਾਂ ਦਿਸਣ ਲਗ ਪੈਂਦੀਆਂ ਹਨ, ਤੇ ਜਿਸ ਨੇ ਦੀਵਾ ਜਗਾਇਆ ਹੈ, ਉਹ ਤਾਂ ਹਰ ਚੀਜ਼ ਵੇਖਦਾ ਹੈ।

ਫ਼ਿਲਾਸਫ਼ਰ ਤਾਂ ਪਰਮ ਸਤਿ ਜਾਂ ਰੱਬ ਨੂੰ ਕੇਵਲ ਇਕ ਜ਼ਿਹਨੀ ਖ਼ਿਆਲ ਜਾਣਦੇ ਹਨ, ਭਗਤਾਂ ਲਈ ਇਹ ਖਿਆਲ ਨਹੀਂ, ਸਤਿ ਹੈ, ਪ੍ਰਤੱਖ-ਸਰੂਪ ਹੈ, ਸੱਚੀ ਹਸਤੀ ਹੈ, ਜਿਹੜੀ ਦਿਲ ਨੂੰ ਗਰਮਾਂਦੀ ਤੇ ਉੱਚਾ ਕਰਦੀ ਹੈ। ਫ਼ਿਲਾਸਫ਼ਰ ਦੀ ਅੰਦਰਲੀ ਅੱਖ ਹੈ ਨਹੀਂ, ਤੇ ਉਹ ਹਨੇਰੇ ਵਿਚ ਭੰਬਲ-ਭੂਸੇ ਖਾਂਦਾ ਹੈ, ਭਗਤ ਪਰਮ ਤੱਤ ਨੂੰ ਇਉਂ ਵੇਖਦਾ ਹੈ ਜਿਵੇਂ ਕੋਈ ਪਹੁ ਫੁੱਟਣ ਵੇਲੇ ਚੜ੍ਹਦੇ ਸੂਰਜ ਨੂੰ ਵੇਖਦਾ ਤੇ ਉਸ ਦੇ ਚਾਨਣ ਤੇ ਜਿੰਦ ਦੇ ਅਸਰ ਨਾਲ ਨੂਰੋ ਨੂਰ ਹੁੰਦਾ ਹੈ।[9]

ਵਰਡਜ਼ਵਰਥ, ਇਕ ਅੰਗਰੇਜ਼ ਕਵੀ ਨੇ ਅਨੁਭਵ ਦੀ ਅਵਸਥਾ ਦਾ ਇਉਂ ਕਥਨ ਕੀਤਾ ਹੈ:

ਉਹ ਆਨੰਦ ਦੀ ਅਵਸਥਾ
ਜਿਸ ਵਿਚ ਇਸ ਜੀਵਨ ਦੀ ਗੁੰਝਲਾਂ ਤੇ ਅਲਖ ਜਗਤ ਦਾ
ਥਕਾਣ, ਅਕਾਣ ਵਾਲਾ ਭਾਰ ਹੌਲਾ ਫੁੱਲ ਹੋ ਜਾਂਦਾ ਹੈ,
ਉਹ ਸ਼ਾਂਤ ਤੇ ਆਨੰਦ ਦੀ ਅਵਸਥਾ
ਜਿਸ ਵਿਚ ਅਸੀਂ ਆਨੰਦ ਵਿਚ ਰੱਤੇ ਹੋਏ ਅੱਗੇ ਅੱਗੇ ਵਧਦੇ,

ਉਤੇ ਚੜ੍ਹਦੇ ਜਾਂਦੇ ਹਾਂ,
ਇਥੋਂ ਤੀਕ ਕਿ ਸਾਡੇ ਸਾਹ ਦੀ
ਤੇ ਖ਼ੂਨ ਦੀ ਹਰਕਤ ਵੀ ਖੜੋ ਜਾਂਦੀ ਹੈ,
ਸਰੀਰ ਸੁਪਨ ਅਵਸਥਾ ਵਿਚ ਹੁੰਦਾ ਹੈ,
ਤੇ ਕੇਵਲ ਆਤਮਾ ਹੀ ਜਾਗਦੀ ਹੁੰਦੀ ਹੈ,
ਤੇ ਸਾਡੀ ਦੱਬਦ੍ਰਿਸ਼ਟੀ, ਸ਼ਾਂਤ ਤੇ ਆਨੰਦ ਵਿਚ ਮਗਨ
ਤੇ ਇਕ-ਸੁਰ ਹੋਈ ਹੁੰਦੀ ਹੈ,
ਅਤੇ ਅਸੀਂ ਜੀਵਨ ਦਾ ਪਰਮ ਤੱਤ ਵੇਖਦੇ ਹਾਂ।

"That blessed mood
In which the burthen of the mystery,
In which the heavy and weary weight
of all this unintelligible world
Is lightened-that serene and blessed mood
In which the affections gently lead us on.
Until the breath of this corporal frame
And even the motion of our human blood
Almost suspended, we are laid asleep
In body and become a living soul !
While with an eye made quiet by the powers
Of harmony and the deep Power of Joy,
We see into the life of thing."

**ਹਵਾਲੇ**

1. ਪੱਛਮ ਦੇ ਭਗਤਾਂ ਨੇ ਇਸ ਨੂੰ ਕਈ ਨਾਵਾਂ ਨਾਲ ਪੁਕਾਰਿਆ ਹੈ, ਜਿਵੇਂ ਆਤਮ ਪ੍ਰਗਾਸ, ਆਤਮਾ ਦੀ ਟੀਸੀ, ਸਦੀਵੀ ਅੱਖ, ਉਨਮਨੀ ਮੁਖ, ਨਵੀਨ ਮਨੋਵਿਗਿਆਨ ਸਾਈਕਾਲੋਜੀ ਵਾਲੇ ਇਸ ਨੂੰ ਪਰਮ ਸੁਰਤੀ ਕਹਿੰਦੇ ਹਨ।

2. ਜਿਵੇਂ ਜੇਮਜ਼ ਕਹਿੰਦਾ ਹੈ: It would seem that in mystical ways, extend his vision to an even wider perceptual panorama than that usually open to the scientific mind.

3. Varieties of Religious Experience

4. ਸਰ ਅਲੀਵਰ ਲਾਜ ਨੇ ਇਕ ਲੈਕਚਰ ਵਿੱਚ ਕਿਹਾ ਸੀ: "The researches of Science justified the view that there lay a higher reality than anything in ordinary daily life; and if we could catch a glimpse of that kind of reality, we must have a kind of sense different from ordinary material senses (which had come down in the process of evolution) a percep- tion we all, to some extent, have but which some members of the race had more than others'-- The Reality of the Unseen.

5. The theoretical importance of these spiritual excursions is, of course, very great. It is indeed so great that most men will not hesitate to accept a thesis which carries us straight into the inmost sanctuary of mysticism which pre aches a precursory entrance into the holy places as by divine transportation- The Human Personality.

6. Knowledge is something relative and does not go to the bottom of things. We need something else to express another side of our inner life, the relation of emotional life to reality."

7. "The deepest discoveries and the highest achievements of the unaided intellect need to be supplemented by truths which can only come to us through special revelation."

8. "The highest blessedness consists in knowledge, not indeed in the immediate knowledge of all men, nor in demonstrative knowledge, nor in belief founded in authority, nor in speculative knowledge, but in that which goes beyond them all."

9. ਅਸੀਂ ਇਥੇ ਕੇਵਲ ਆਤਮਿਕ ਗਿਆਨ ਜਾਂ ਆਤਮ ਪ੍ਰਕਾਸ਼ ਦੀ ਅਸਲੀਅਤ ਦੀ ਚਰਚਾ ਕੀਤੀ ਹੈ। ਇਸ ਬਾਰੇ ਕਿ ਆਤਮ-ਗਿਆਨ ਦਾ ਗਿਆਨ ਕੀ ਹੁੰਦਾ ਹੈ, ਅੱਗੇ ਚੱਲ ਕੇ ਜ਼ਿਕਰ ਕਰਾਂਗੇ।

..........................................................

# ਨੌਜਵਾਨਾਂ ਦੀ ਸਮਾਜਿਕ ਜ਼ਿੰਮੇਵਾਰੀ

**ਮਨਪ੍ਰੀਤ ਕੌਰ, 8929201405**

ਕਿਸੇ ਵੀ ਨਰੋਏ ਸਮਾਜ ਦੀ ਪਛਾਣ ਉਥੋਂ ਦੇ ਵਸਨੀਕਾਂ, ਵਿਸ਼ੇਸ਼ ਤੌਰ ਤੇ ਉਥੋਂ ਦੀ ਨੌਜਵਾਨ ਪੀੜ੍ਹੀ ਦੀ ਕਾਰਜ-ਪ੍ਰਣਾਲੀ, ਵਿਲੱਖਣ ਸੋਚ ਅਤੇ ਅਸਲ ਵਿਵਹਾਰ ਤੋਂ ਕੀਤੀ ਜਾ ਸਕਦੀ ਹੈ। ਕੋਈ ਵੀ ਸਮਾਜ ਤਦੋਂ ਤੀਕ ਸਭਿਅ ਨਹੀਂ ਕਿਹਾ ਜਾ ਸਕਦਾ ਜਦੋਂ ਤੀਕ ਉਥੋਂ ਦੇ ਰਹਿਣ-ਸਹਿਣ, ਪਹਿਰਾਵੇ, ਬੋਲੀ ਤੇ ਕਦਰਾਂ-ਕੀਮਤਾਂ ਵਿਚ ਸੁਹਜਤਾ ਨਾ ਹੋਵੇ। ਇਹ ਜਿੰਮੇਵਾਰੀ ਨੌਜਵਾਨ ਪੀੜ੍ਹੀ ਦੀ ਹੀ ਬਣਦੀ ਹੈ ਕਿ ਉਹ ਦ੍ਰਿੜ ਇਰਾਦੇ ਨਾਲ ਭਰਪੂਰ ਅਨੁਸ਼ਾਸਿਤ ਜੀਵਨ ਦੇ ਇਕ ਅਜਿਹੀ ਮਿਸਾਲ ਕਾਇਮ ਕਰੇ ਜਿਸ ਤੇ ਸੰਸਾਰ ਭਰ ਨੂੰ ਮਾਣ ਹੋਵੇ ਕਿਉਂਕਿ ਕਿਹਾ ਜਾਂਦਾ ਹੈ ਕਿ ਕਿਸੇ ਵੀ ਮੁਲਕ ਦਾ ਸਰਮਾਇਆ ਨੌਜਵਾਨ ਹੁੰਦੇ ਹਨ। ਸਰੀਰਕ ਤੌਰ ਤੇ ਸੁਅਸਥ ਤੇ ਮਾਨਸਿਕ ਤੌਰ ਤੇ ਮਜਬੂਤ, ਜੀਵਨ ਜੀਣ ਵਾਲੇ ਨੌਜਵਾਨ ਹੀ ਕਿਸੇ ਸਮਾਜ ਨੂੰ ਠੀਕ ਸੇਧ ਦੇ ਸਕਦੇ ਹਨ। ਪਰ ਅੱਜ ਦੀ ਨੌਜਵਾਨ ਪੀੜ੍ਹੀ ਆਪਣੀ ਸੰਸਕ੍ਰਿਤੀ, ਸਭਿਅਤਾ, ਆਚਾਰ-ਵਿਹਾਰ ਤੇ ਆਪਣੀਆਂ ਜੜ੍ਹਾਂ ਤੋਂ ਟੁੱਟ ਕੇ ਆਪਣੀਆਂ ਕਦਰਾਂ-ਕੀਮਤਾਂ ਦਾ ਤਿਆਗ ਕਰਕੇ ਪੱਛਮੀ ਸਭਿਅਤਾ ਤੇ ਪੱਛਮੀ ਲੋਕਾਂ ਦੀ ਦੇਖਾ-ਦੇਖੀ ਆਪਣਾ ਵਿਰਸਾ ਤੇ ਵਿਰਾਸਤ ਭੁੱਲਦੀ ਜਾ ਰਹੀ ਹੈ ਅਤੇ ਪੱਛਮੀ ਦੇਸਾਂ ਦੀ ਨਕਲ ਕਰਕੇ ਫੈਸ਼ਨ ਦੀ ਅੰਨ੍ਹੀ ਦੌੜ ਵਿਚ ਸ਼ਾਮਲ ਹੋ ਕੇ ਆਪਣੀ ਸਮਾਜਿਕ ਜ਼ਿੰਮੇਵਾਰੀ ਤੋਂ ਬੇਮੁੱਖ ਹੁੰਦੀ ਜਾ ਰਹੀ ਹੈ। ਇਹ ਰੁਚੀ ਮੁੰਡਿਆਂ ਨਾਲੋਂ ਵਧੇਰੇ ਕੁੜੀਆਂ ਵਿੱਚ ਪ੍ਰਬਲ ਹੈ ਅੱਜ ਸਾਊਪੁਣੇ ਤੇ ਸਭਿਅਤਾ ਦੇ ਪਵਿੱਤਰ ਗੁਣਾਂ ਨੂੰ ਤਿਆਗ ਕੇ ਨੌਜਵਾਨ ਪੀੜ੍ਹੀ ਵਿੱਚ ਨਸ਼ਿਆਂ ਦਾ ਬੋਲਬਾਲਾ ਵਧ ਰਿਹਾ ਹੈ। ਅੱਜ ਦੀ ਨੌਜਵਾਨ ਪੀੜ੍ਹੀ ਆਪਣੀ ਸਿਹਤ ਅਤੇ ਜੀਵਨ-ਪ੍ਰਣਾਲੀ ਪ੍ਰਤੀ ਲਾਪਰਵਾਹ ਹੁੰਦੀ ਜਾ ਰਹੀ ਹੈ। ਅੱਜ ਦੀਆਂ ਨੌਜਵਾਨ ਕੁੜੀਆਂ ਸਿਹਤ ਨਾਲ ਖਿਲਵਾੜ ਕਰ ਰਹੀਆਂ ਹਨ। ਉਹ ਖਾਣ-ਪੀਣ ਤੇ ਐਨਾ ਖਰਚ ਨਹੀਂ ਕਰਦੀਆਂ ਜਿੰਨਾ ਗਹਿਣਿਆਂ, ਕਪੜਿਆਂ ਤੇ ਫੈਸ਼ਨ ਤੇ ਕਰਦੀਆਂ ਹਨ। ਮੁੰਡੇ ਵੀ ਰਬੜ ਦੇ ਗੁਡਿਆਂ ਵਰਗੇ ਵੇਖਣ ਨੂੰ ਤਾਂ ਸੋਹਣੇ ਲਗਦੇ ਹਨ ਪਰ ਸਰੀਰਕ ਬਲ ਅਤੇ ਆਚਰਣ ਦੀ ਘਾਟ ਕਰਕੇ ਸਾਊਪੁਣੇ ਤੋਂ ਦੂਰ ਹੁੰਦੇ ਜਾ ਰਹੇ ਹਨ। ਅੱਜ ਦੀ ਨੌਜਵਾਨ ਪੀੜ੍ਹੀ ਅਪਣੇ ਕੀਮਤੀ ਵਿਰਸੇ, ਸਭਿਆਚਾਰ, ਸਾਂਸਕ੍ਰਿਤਿਕ ਕਦਰਾਂ-ਕੀਮਤਾਂ ਨੂੰ ਭੁੱਲਾ ਕੇ ਉਸਾਰੂ ਮਾਹੌਲ ਤੋਂ ਦੂਰ ਹੁੰਦੀ ਜਾ ਰਹੀ ਹੈ ਤੇ ਇਹ ਭੁੱਲਦੀ ਜਾ ਰਹੀ ਹੈ ਕਿ ਕਿਸੇ ਵੀ ਸਮਾਜ ਦੀ ਅਸਲੀ ਦੌਲਤ ਉਥੇ ਰਹਿਣ ਵਾਲਿਆਂ ਦੀ ਸ਼ਰੀਰਕ ਤੇ ਦਿਮਾਗੀ ਅਰੋਗਤਾ ਹੈ ਪਰ ਅੱਜ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਦਾ ਸਹਾਰਾ ਲੈ ਕੇ ਸ਼ਰਾਬ, ਅਫੀਮ ਅਤੇ ਤੰਬਾਕੂਨੋਸ਼ੀ ਵਰਗੇ ਐਬਾਂ ਵਿਚ ਅਪਣੇ ਆਪ ਨੂੰ ਗਰਕ ਕਰਦੀ ਜਾ ਰਹੀ ਹੈ ਅਤੇ ਸੰਜਮ ਭਰਪੂਰ ਜੀਵਨ,ਉੱਚਾ ਤੇ ਸੁੱਚਾ ਆਚਰਣ, ਅਨੁਸ਼ਾਸਿਤ ਜੀਵਨ ਭੁਲਾ ਕੇ ਸਮਾਜ ਨੂੰ ਨਰੋਈ ਤੇ ਠੀਕ ਸੇਧ ਪ੍ਰਦਾਨ ਕਰਨ ਪ੍ਰਤੀ ਅਵੇਸਲੀ ਹੈ। ਅੱਜ ਲੋੜ ਹੈ- ਨੌਜਵਾਨ ਸਮਾਜ ਪ੍ਰਤੀ ਅਪਣੇ ਫ਼ਰਜ਼ਾਂ ਤੇ ਜ਼ਿੰਮੇਵਾਰੀਆਂ ਦਾ ਪੂਰੀ ਤਰ੍ਹਾਂ ਨਿਰਵਾਹ ਕਰਨ ਲਈ ਸੰਵਿਧਾਨ ਵਿਚ ਪੂਰਣ ਵਿਸ਼ਵਾਸ ਰੱਖਣ। ਨੌਜਵਾਨ ਦੇਸ਼ ਵਿਰੋਧੀ ਤਾਕਤਾਂ ਦਾ ਸਾਥ ਨਾ ਦੇਣ, ਅਫਵਾਹਾਂ ਤੇ ਯਕੀਨ ਨਾ ਕਰਨ ਨਾ ਹੀ ਅਫਵਾਹਾਂ ਫੈਲਾਣ। ਦੇਸ਼ ਵਿੱਚ ਅਮਨ ਤੇ ਸ਼ਾਂਤੀ ਦਾ ਮਾਹੌਲ ਬਣਾਈ ਰਖਣ ਵਿੱਚ ਮਦਦਗਾਰ ਹੋਣ। ਮੁਨਾਫਾਖਾਰੀ, ਕਾਲਾਬਾਜ਼ਾਰੀ, ਝੂਠ, ਫਰੇਬ ਜਾਂ ਮੰਦੇ ਕੰਮਾਂ ਦਾ ਸਾਥ ਨਾ ਦੇਣ। ਕਾਨੂੰਨੀ ਅਤੇ ਇਖਲਾਕੀ ਜ਼ੁਰਮ, ਤੋਂ ਬਚ ਕੇ ਰਹਿਣ। ਫੁਟ-ਪ੍ਰਸਤ, ਕੱਟਰਪੰਥੀ ਤੇ ਤੰਗਦਿਲ ਲੋਕਾਂ ਨੂੰ ਦੇਸ਼ ਦੀ ਉਸਾਰੀ ਵਲ ਲਗਾਉਣ।

ਅਜ ਸਮਾਜ ਨੂੰ ਲੋੜ ਹੈ ਮੌਲਿਕ, ਰਚਨਾਤਮਕ ਤੇ ਵਿਗਿਆਨਿਕ ਵਿਚਾਰਾਂ ਵਾਲੇ ਆਦਰਸ਼ਕ ਨੌਜਵਾਨਾਂ ਦੀ ਜੋ ਸਮਾਜ ਨੂੰ ਵਹਿਮਾਂ-ਭਰਮਾਂ ਦੇ ਚੱਕਰਵਿਊ ਵਿਚੋਂ ਕੱਢ ਕੇ ਨਵੀਨ ਤੇ ਪ੍ਰੋਫੈਸ਼ਨਲ ਅਪਰੋਚ ਦੇਣ ਲਈ ਤਤਪਰ ਰਹਿਣ। ਸਮਾਜ ਦੇ ਪੱਛੜੇ ਵਰਗ ਨੂੰ ਥੋਥੇ ਵਹਿਮਾਂ-ਭਰਮਾਂ, ਰੀਤੀ-ਰਿਵਾਜ਼ਾਂ ਦੇ ਮੱਕੜਜਾਲ ਤੋਂ ਕੱਢ ਕੇ ਵਿਗਿਆਨਿਕ ਸੋਚ ਦੇ ਸਕਣ। ਹਾਲਾਂਕਿ ਸਾਡੇ ਦੇਸ਼ ਦੇ ਨੌਜਵਾਨ ਵਿੱਦਿਆ, ਬੁੱਧੀ ਅਤੇ ਗਿਆਨ ਵਿਚ ਕਿਸੇ ਤੋਂ ਪਿਛੇ ਨਹੀਂ ਪਰ ਲੋੜ ਹੈ ਚੰਗੇ ਅਮਲਾਂ ਦੀ ਅੱਜ ਦੇ ਨੌਜਵਾਨਾਂ ਦੀ ਸਮਾਜਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਪੂਰੀ ਈਮਾਨਦਾਰੀ, ਮਿਹਨਤ, ਸਿਰੜ ਅਤੇ ਦਿਆਨਤਦਾਰੀ ਤੋਂ ਕੰਮ ਲੈ ਕੇ ਸਮਾਜ ਦੇ ਹਰ ਵਰਗ ਵਿਸ਼ੇਸ਼ ਤੌਰ ਤੇ ਪਛੜੇ ਵਰਗ ਦੀ ਤਰੱਕੀ ਲਈ ਯਤਨਸ਼ੀਲ ਰਹਿਣ।

**ਬਾਕੀ ਸਫ਼ਾ ਨੰ 23 'ਤੇ**

# ਮਹਾਰਾਣੀ ਜਿੰਦ ਕੌਰ

ਸੁਖਦਿਆਲ ਸਿੰਘ

ਮਹਾਰਾਣੀ ਜਿੰਦ ਕੌਰ, ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਘੱਟ ਉਮਰ ਵਾਲੀ ਅਤੇ ਸਭ ਤੋਂ ਛੋਟੀ ਮਹਾਰਾਣੀ ਸੀ। ਇਸ ਨੇ ਉਸ ਸਮੇਂ ਲਾਹੌਰ ਦਰਬਾਰ ਦੀਆਂ ਜ਼ਿੰਮੇਵਾਰੀਆਂ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ ਸੀ ਜਦੋਂ ਚਾਰੇ ਪਾਸੇ ਕਤਲ ਹੀ ਕਤਲ ਹੋ ਰਹੇ ਸਨ; ਸੁਆਰਥੀ ਅਤੇ ਚਲਾਕ ਦਰਬਾਰੀ ਹੀ ਨੀਤੀਆਂ ਉੱਪਰ ਭਾਰੂ ਸਨ ਅਤੇ ਬਰਿਟਿਸ਼ ਸਰਕਾਰ ਦੇ ਸੂਹੀਏ ਲਾਹੌਰ ਦਰਬਾਰ ਦੀ ਰਾਜਨੀਤੀ ਵਿਚ ਬੇਯਕੀਨੇ ਹਾਲਤ ਕਾਇਮ ਕਰਨ ਦੀ ਦੌੜ ਵਿਚ ਲੱਗੇ ਹੋਏ ਸਨ। ਖਾਲਸਾ ਫੌਜ ਬੇਮੁਹਾਰੇ ਹੋਈ ਵਜ਼ੀਰਾਂ ਅਤੇ ਜਰਨੈਲਾਂ ਨੂੰ ਹੁਕਮ ਦੇਣ ਦੇ ਅਖ਼ਤਿਆਰ ਹਾਸਲ ਕਰੀ ਬੈਠੀ ਸੀ। ਲਾਹੌਰ ਦਰਬਾਰ ਦੇ ਸ਼ੁਭਚਿੰਤਕ ਅਤੇ ਵਫ਼ਾਦਾਰ ਅਖਵਾਉਣ ਵਾਲੇ ਸਰਦਾਰ ਚੁੱਪ ਧਾਰ ਕੇ ਆਪੋ ਆਪਣੀਆਂ ਹਵੇਲੀਆਂ ਵਿੱਚ ਦੜਵੱਟੀ ਬੈਠੇ ਸਨ ਤੇ ਜਾਂ ਫਿਰ ਪੰਜਾਬ ਤੋਂ ਬਾਹਰ ਚਲੇ ਗਏ ਸਨ ਪਰ ਇਸ ਹਫ਼ੜਾ-ਦਫ਼ੜੀ ਵਾਲੀ ਹਾਲਤ ਨਾਲ ਮੱਥਾ ਲਾਉਣ ਨੂੰ ਕੋਈ ਵੀ ਤਿਆਰ ਨਹੀਂ ਸੀ। ਅਜਿਹੇ ਬੇਭਰੋਸਗੀ ਵਾਲੇ ਹਾਲਾਤ ਵਿਚ ਲਗਭਗ 26 ਸਾਲਾਂ ਦੀ ਵਿਧਵਾ ਪਰ ਮੁਟਿਆਰ, ਮਹਾਰਾਣੀ ਜਿੰਦ ਕੌਰ ਨੇ, ਸਮੇਂ ਅਨੁਸਾਰ, ਜਿਨਾਂ ਸਰਦਾਰਾਂ ਜਾਂ ਦਰਬਾਰੀਆਂ ਨੂੰ ਨਾਲ ਲੈ ਕੇ ਹਾਲਾਤ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ ਸੀ ਉਹ ਭਾਵੇਂ ਡਰਪੋਕ ਅਤੇ ਅਯੋਗ ਸਨ ਪਰ ਉਹ ਮਹਾਰਾਣੀ ਸਾਹਿਬਾ ਦੇ ਭਰੋਸੇਯੋਗ ਅਤੇ ਵਫ਼ਾਦਾਰ ਸਾਥੀ ਸਨ। ਇਨ੍ਹਾਂ ਦੀ ਆਯੋਗਤਾ ਅਤੇ ਡਰਪੋਕਤਾ ਕਰਕੇ ਹੀ ਮਹਾਰਾਣੀ ਦੀਆਂ ਦਲੇਰੀ ਅਤੇ ਦਰਿੜਤਾ ਭਰੀਆਂ ਨੀਤੀਆਂ ਵੀ ਅਸਫਲ ਹੋਕੇ ਰਹਿ ਗਈਆਂ ਸਨ। ਅਖੀਰ ਯੋਗ ਅਤੇ ਨਿਪੁੰਨ ਸਰਦਾਰਾਂ ਦੀ ਘਾਟ ਕਰਕੇ ਹੀ, ਦਲੇਰ ਅਤੇ ਦ੍ਰਿੜ ਇਰਾਦੇ ਵਾਲੀ ਔਰਤ, ਹਾਲਾਤ ਅੱਗੇ ਲਾਚਾਰ ਹੋਈ, ਆਪਣੀ ਬਾਦਸ਼ਾਹਤ ਤੋਂ ਦੂਰ, ਆਪਣੇ ਲੋਕਾਂ ਤੋਂ ਦੂਰ, ਦੁਸ਼ਮਣ ਦੀ ਧਰਤੀ 'ਤੇ ਅਤੇ ਦੁਸ਼ਮਣ ਦੇ ਪਹਿਰਿਆਂ ਹੇਠ ਆਪਣੇ ਸੁਆਸ ਪੂਰੇ ਕਰ ਗਈ ਸੀ। ਇਸ ਮਹਾਨ ਨਾਇਕਾ ਦਾ ਨਾਂ ਸੀ ਮਹਾਰਾਣੀ ਜਿੰਦ ਕੌਰ।

ਮਹਾਰਾਣੀ ਜਿੰਦ ਕੌਰ, ਜਿਸ ਨੂੰ ਮਹਾਰਾਣੀ ਜਿੰਦਾਂ ਜਾਂ ਮਾਈ ਜਿੰਦਾਂ ਵੀ ਕਿਹਾ ਜਾਂਦਾ ਹੈ, ਦਾ ਜਨਮ ਪੰਜਾਬ ਦੇ ਗੁੱਜਰਾਂਵਾਲਾ ਸ਼ਹਿਰ ਦੇ ਨੇੜੇ ਵਸੇ ਪਿੰਡ ਛਿੱਛਰਿਆਂਵਾਲੀ ਵਿਖੇ ਸਰਦਾਰ ਮੰਨਾ ਸਿੰਘ ਔਲਖ ਜੱਟ ਦੇ ਘਰ ਸੰਨ 1817 ਈ. ਨੂੰ ਹੋਇਆ। ਇਸ ਪਿੰਡ ਨੂੰ ਚਰ, ਚਰ-ਚਿਰ ਜਾਂ ਚਿੱਚਰਿਆਂਵਾਲੀ ਵੀ ਕਿਹਾ ਗਿਆ ਹੈ ਪਰ ਇਸ ਦਾ ਅਸਲ ਉਚਾਰਨ ਛਿੱਛਰਿਆਂਵਾਲੀ ਹੀ ਹੈ। ਸ. ਮੰਨਾ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਕੁਮੇਦਾਨ ਸੀ। ਉਹ ਮਹਾਰਾਜੇ ਦੇ ਸ਼ਿਕਾਰੀ ਕੁੱਤਿਆਂ ਦਾ ਵੀ ਇਨਚਾਰਜ ਰਿਹਾ ਸੀ। ਉਸ ਦੀ ਪੁੱਤਰੀ ਬੀਬੀ ਜਿੰਦ ਕੌਰ ਬਚਪਨ ਤੋਂ ਹੀ ਬਹੁਤ ਹੁੰਦੜਹੇਲ ਅਤੇ ਖੂਬਸੂਰਤ ਸੀ। ਮੁਟਿਆਰ ਹੋਣ 'ਤੇ ਉਸ ਦੀ ਸੁੰਦਰਤਾ ਦੇ ਚਰਚੇ ਲਾਹੌਰ ਦਰਬਾਰ ਤੱਕ ਵੀ ਪਹੁੰਚ ਗਏ ਸਨ। ਮਹਾਰਾਜਾ ਰਣਜੀਤ ਸਿੰਘ ਨੇ ਉਸ ਨਾਲ ਵਿਆਹ ਕਰਵਾਉਣ ਦੀ ਇੱਛਾ ਪਰਗਟ ਕੀਤੀ। 1835-36 ਵਿਚ ਮਹਾਰਾਜਾ ਸਾਹਿਬ ਨੇ ਪੂਰਨ ਗੁਰਮਰਯਾਦਾ ਅਨੁਸਾਰ ਬੀਬੀ ਜਿੰਦ ਕੌਰ ਨਾਲ ਵਿਆਹ ਕਰਵਾ ਲਿਆ ਸੀ। ਇਸ ਵਿਆਹ ਬਾਰੇ ਡਾ. ਗੰਡਾ ਸਿੰਘ ਨੇ ਮਹਾਰਾਜੇ ਦੇ ਇਕ ਦਰਬਾਰੀ ਫ਼ਕੀਰ ਨੂਰਦੀਨ ਦੇ ਪੁੱਤਰ ਫ਼ਕੀਰ ਕਮਰੂਦੀਨ ਦੇ ਮੌਖਿਕ ਬਿਆਨ ਨੂੰ ਆਧਾਰ ਬਣਾ ਕੇ ਦੱਸਿਆ ਹੈ ਕਿ ਇਸ ਵਿਚ ਵੀ ਅਤੇ ਦਲੀਪ ਸਿੰਘ ਦੇ ਜਨਮ ਵੇਲੇ ਵੀ ਫ਼ਕੀਰ ਨੂਰਦੀਨ ਤੇ ਕਮਰੂਦੀਨ ਦੋਵੇਂ ਪਿਉ-ਪੁੱਤਰ ਉਥੇ ਮੌਜੂਦ ਸਨ। ਕਮਰੂਦੀਨ ਦੀ ਉਮਰ ਉਸ ਸਮੇਂ 18 ਸਾਲਾਂ ਦੀ ਸੀ। ਇਹ ਮੌਖਿਕ ਬਿਆਨ ਭਗਤ ਲਕਸ਼ਮਣ ਸਿੰਘ ਨੇ ਰਾਏ ਬਹਾਦਰ ਕੇ.ਬੀ. ਥਾਪਰ ਤੋਂ ਪਰਾਪਤ ਕੀਤਾ ਸੀ। ਭਗਤ ਲਕਸ਼ਮਣ ਸਿੰਘ ਦਾ ਇਹ ਬਿਆਨ ਵਾਲਾ ਲੇਖ ਖਾਲਸਾ ਕਾਲਜ, ਅੰਮ੍ਰਿਤਸਰ ਵਲੋਂ ਕੱਢੇ ਜਾਂਦੇ ਸਾਲਾਨਾ ਮੈਗਜ਼ੀਨ ਦੇ ਦਰਬਾਰ, ਜਨਵਰੀ 1939 ਦੇ ਅੰਕ ਵਿਚ ਛਾਪਿਆ ਗਿਆ ਸੀ।

ਮਹਾਰਾਣੀ ਜਿੰਦ ਕੌਰ ਨੇ 23 ਭਾਦੋਂ, ਸੰਮਤ 1895 ਬਿ. ਅਨੁਸਾਰ 6 ਸਤੰਬਰ, 1838 ਈ. ਵਾਲੇ ਦਿਨ ਮਹਾਰਾਜਾ ਦਲੀਪ ਸਿੰਘ ਨੂੰ ਜਨਮ ਦਿੱਤਾ। ਇਸ ਦੀ ਗਵਾਹੀ ਵਿਚ, ਲਾਹੌਰ ਦਰਬਾਰ ਦੇ ਰੋਜ਼ਨਾਮਚਾਕਾਰ ਮੁਨਸ਼ੀ ਸੋਹਣ ਲਾਲ ਸੂਰੀ ਨੇ ਇਉਂ ਲਿਖਿਆ ਹੈ "23 ਭਾਦੋਂ ਸੰਮਤ 1895 : ਮਾਈ ਜਿੰਦਾ ਦੇ ਲਾਹੌਰ ਵਿਖੇ ਇਕ ਪੁੱਤਰ ਨੂੰ ਜਨਮ ਦੇਣ ਨਾਲ ਬਹੁਤ ਖੁਸ਼ੀਆਂ ਮਨਾਈਆਂ ਗਈਆਂ। ਮਾਈ ਨੇ ਇਹ ਖ਼ਬਰ ਮਹਾਰਾਜੇ ਤਕ ਇਕ ਮੁਨਸ਼ੀ ਗੋਬਿੰਦ ਰਾਮ ਸਹਾਏ ਰਾਹੀਂ ਪਹੁੰਚਾਈ ਅਤੇ ਇਹ ਖ਼ਬਰ ਰਾਮ ਬਾਗ ਵਿਚ ਮਹਾਰਾਜੇ ਨੂੰ ਦੱਸੀ। ਮਹਾਨ ਸਰਕਾਰ ਇਸ ਖ਼ਬਰ ਨੂੰ ਸੁਣ ਕੇ

ਬਹੁਤ ਖੁਸ਼ ਹੋਈ। ਰਾਜਾ ਕਲਾਂ ਨੇ ਬੜੀ ਖੁਸ਼ੀ ਨਾਲ ਨਵ-ਜੰਮੇ ਬੱਚੇ ਦੇ ਸਿਰ-ਵਾਰਨੇ ਲਈ ਬਹੁਤ ਤੋਹਫੇ ਪੇਸ਼ ਕੀਤੇ। ਕੁਝ ਦਿਨਾਂ ਬਾਦ ਹੱਸ ਅਤੇ ਕੜਿਆਂ ਦੇ ਸੋਨੇ ਦੇ ਗਹਿਣੇ ਬਣਵਾਕੇ ਮੁਨਸ਼ੀ ਰਾਹੀਂ ਬੱਚੇ ਨੂੰ ਪੇਸ਼ ਕਰਨ ਲਈ ਭੇਜੇ ਗਏ।" ਪਰ ਕਿਉਂਕਿ ਇਸ ਤੋਂ ਪਹਿਲਾਂ ਮਹਾਰਾਜਾ ਸਾਹਿਬ ਦੋ ਬਾਲਗ ਪੁੱਤਰਾਂ ਦਾ ਪਿਉ ਅਤੇ ਦੋ ਪੋਤਰਿਆਂ ਦਾ ਦਾਦਾ ਬਣ ਚੁੱਕੇ ਸਨ ਇਸ ਲਈ ਕੰਵਰ ਦਲੀਪ ਸਿੰਘ ਦਾ ਜਨਮ ਸਰਕਾਰ ਦਾ ਜਾਂ ਮਹਾਰਾਜੇ ਦਾ ਉਹ ਧਿਆਨ ਆਪਣੇ ਵਲ ਨਹੀਂ ਖਿਚ ਸਕਿਆ ਜੋ ਧਿਆਨ ਆਮ ਤੌਰ 'ਤੇ ਖਿਚਿਆ ਜਾਂਦਾ ਹੁੰਦਾ ਹੈ। ਕੰਵਰ ਖੜਕ ਸਿੰਘ ਅਤੇ ਕੰਵਰ ਸ਼ੇਰ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਬਾਲਗ ਉਮਰ ਦੇ ਪੁੱਤਰ ਸਨ। ਕੰਵਰ ਨੌਨਿਹਾਲ ਸਿੰਘ ਅਤੇ ਕੰਵਰ ਪਰਤਾਪ ਸਿੰਘ ਦੋ ਤਕੜੀ ਉਮਰ ਦੇ ਪੋਤਰੇ ਸਨ। ਕੰਵਰ ਨੌਨਿਹਾਲ ਸਿੰਘ ਤਾਂ ਕਈ ਸੂਬਿਆਂ ਦਾ ਗਵਰਨਰ ਅਤੇ ਕਈ ਮੁਹਿੰਮਾਂ ਦਾ ਕਮਾਂਡਰ ਵੀ ਰਹਿ ਚੁੱਕਿਆ ਸੀ। ਇਸ ਕਰ ਕੇ ਕੰਵਰ ਦਲੀਪ ਸਿੰਘ ਦਾ ਜਨਮ ਉਸ ਖੁਸ਼ੀ ਦਾ ਕੇਂਦਰ ਨਹੀਂ ਬਣ ਸਕਿਆ ਜੋ ਆਮ ਤੌਰ ਤੇ ਕੰਵਰ ਦੇ ਪੈਦਾ ਹੋਣ 'ਤੇ ਬਾਦਸ਼ਾਹਾਂ ਵਲੋਂ ਪਰਗਟ ਕੀਤੀ ਜਾਂਦੀ ਹੁੰਦੀ ਹੈ। ਮਹਾਰਾਣੀ ਜਿੰਦਾਂ ਵੀ ਇਸੇ ਕਰ ਕੇ ਮਹਿਲਾਂ ਦੀ ਰਾਜਨੀਤੀ ਨੂੰ ਆਪਣੇ ਦੁਆਲੇ ਕੇਂਦਰਿਤ ਨਹੀਂ ਕਰ ਸਕੀ ਸੀ। ਸਗੋਂ ਇਸ ਦੇ ਉਲਟ ਕੰਵਰ ਦਲੀਪ ਸਿੰਘ ਦਾ ਜਨਮ ਉਸ ਦੇ ਆਪਣੇ ਆਪ ਲਈ ਅਤੇ ਉਸ ਦੀ ਮਾਂ ਮਹਾਰਾਣੀ ਜਿੰਦਾਂ ਲਈ ਉਸ ਤੋਂ ਵੱਡੇ ਸ਼ਾਹਜ਼ਾਦਿਆਂ, ਵਲੀ-ਅਹਿਦ ਖੜਕ ਸਿੰਘ ਅਤੇ ਅੱਗੇ ਉਸ ਦੇ ਵਲੀ-ਅਹਿਦ ਨੌਨਿਹਾਲ ਸਿੰਘ ਦੀ ਅਤੇ ਇਨ੍ਹਾਂ ਨਾਲ ਸਬੰਧਤ ਧਿਰਾਂ ਦੀ ਈਰਖਾ ਦਾ ਕਾਰਨ ਬਣ ਸਕਦਾ ਸੀ। ਇਸ ਤਰ੍ਹਾਂ ਦੀ ਕੁਝ ਜਾਣਕਾਰੀ ਸਾਨੂੰ ਮਹਰਾਜਾ ਸ਼ੇਰ ਸਿੰਘ ਦੇ ਸਮੇਂ ਵੇਲੇ ਮਿਲਦੀ ਹੈ। 31 ਅਗਸਤ, 1843 ਨੂੰ ਰਾਜਾ ਧਿਆਨ ਸਿੰਘ ਨੇ ਲਾਹੌਰ ਦਰਬਾਰ ਵਿਚ ਇਹ ਦੱਸਿਆ ਸੀ ਕਿ ਕੰਵਰ ਦਲੀਪ ਸਿੰਘ ਜਮੂੰ ਤੋਂ ਵਾਪਸ ਲਾਹੌਰ ਆ ਗਏ ਨੇ, ਉਨ੍ਹਾਂ ਦੇ ਆਉਣ ਦੀ ਖੁਸ਼ੀ ਵਿਚ ਦੀਪਮਾਲਾ ਕੀਤੀ ਜਾਵੇਗੀ ਅਤੇ ਤੋਪਾਂ ਦੀ ਸਲਾਮੀ ਦਿੱਤੀ ਜਾਵੇਗੀ। ਇਹ ਖ਼ਬਰ ਸੁਣ ਕੇ ਮਹਾਰਾਜਾ ਸ਼ੇਰ ਸਿੰਘ ਹੈਰਾਨ ਵੀ ਹੋਏ ਸਨ ਅਤੇ ਗੁੱਸੇ ਵੀ। ਉਨ੍ਹਾਂ ਨੇ ਰਾਜਾ ਧਿਆਨ ਸਿੰਘ ਨੂੰ ਪੁੱਛਿਆ ਕਿ ਕੰਵਰ ਦਲੀਪ ਸਿੰਘ ਨੂੰ ਉਨ੍ਹਾਂ ਦੀ ਪਰਵਾਣਗੀ ਤੋਂ ਬਿਨਾਂ ਕਿਉਂ ਬੁਲਾਇਆ ਗਿਆ ਹੈ ? ਇਸ ਦੇ ਜਵਾਬ ਵਿੱਚ ਰਾਜਾ ਧਿਆਨ ਸਿੰਘ ਨੇ ਕਿਹਾ ਕਿ ਮਹਾਰਾਜਾ ਸਾਹਿਬ ਕਿਸੇ ਗੱਲ ਦੀ ਚਿੰਤਾ ਨਾ ਕਰਨ, ਕੰਵਰ ਸਾਹਿਬ ਦਾ ਆਉਣਾ ਸਿਰਫ ਇਕ ਸਾਧਾਰਣ ਕਾਰਵਾਈ ਹੈ।

ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਲਾਹੌਰ ਦਰਬਾਰ ਦੇ ਸਾਰੇ ਧੜਿਆ ਵਿਚੋਂ ਡੋਗਰੇ ਭਰਾ ਮਹਾਰਾਣੀ ਜਿੰਦ ਕੌਰ ਦੇ ਨੇੜੇ ਸਨ। ਰਾਜਾ ਸੁਚੇਤ ਸਿੰਘ ਜਿਹੜਾ ਰਾਜਾ ਧਿਆਨ ਸਿੰਘ ਦਾ ਸਭ ਤੋਂ ਛੋਟਾ ਭਰਾ ਸੀ, ਮਹਾਰਾਣੀ ਸਾਹਿਬਾ ਦੇ ਮਹਿਲਾਂ ਦਾ ਨਿਗਰਾਨ ਰਿਹਾ ਸੀ। ਕੁਝ ਸਮੇਂ ਲਈ ਰਾਜਾ ਗੁਲਾਬ ਸਿੰਘ ਵੀ, ਜੋ ਰਾਜਾ ਧਿਆਨ ਸਿੰਘ ਦਾ ਵੱਡਾ ਭਰਾ ਸੀ, ਨਿਗਰਾਨ ਰਿਹਾ ਸੀ। ਪਿਛੋਂ ਰਾਜਾ ਲਾਲ ਸਿੰਘ ਮਹਿਲਾਂ ਦਾ ਨਿਗਰਾਨ ਬਣਾ ਦਿਤਾ ਗਿਆ ਸੀ। ਰਾਜਾ ਲਾਲ ਸਿੰਘ ਡੋਗਰਾ ਧੜੇ ਵਿਚ ਹੀ ਸ਼ਾਮਲ ਸੀ। ਇਹੀ ਕਾਰਨ ਸੀ ਕਿ ਇਹ ਸਰਦਾਰ ਮਹਾਰਾਣੀ ਸਾਹਿਬਾ ਦੇ ਵਿਸ਼ਵਾਸਪਾਤਰ ਸਨ। ਹੋ ਸਕਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ, ਦਰਬਾਰ ਦੀ ਹਫ਼ੜਾ-ਦਫ਼ੜੀ ਵਾਲੀ ਹਾਲਤ ਨੂੰ ਸਾਹਮਣੇ ਰੱਖਦਿਆਂ, ਕੰਵਲ ਦਲੀਪ ਨੂੰ ਕਿਸੇ ਖ਼ਤਰੇ ਤੋਂ ਬਾਹਰ ਰੱਖਣ ਲਈ ਜੰਮੂ ਵਿਖੇ ਡੋਗਰੇ ਸਰਦਾਰਾਂ ਦੀ ਸੁਰੱਖਿਆ ਵਿਚ ਭੇਜ ਦਿਤਾ ਗਿਆ ਹੋਵੇ।

ਕਿਉਂਕਿ ਮਹਾਰਾਣੀ ਜਿੰਦ ਕੌਰ ਸਭ ਤੋਂ ਛੋਟੀ ਮਹਾਰਾਣੀ ਸੀ ਅਤੇ ਉਸ ਤੋਂ ਵੱਡੀਆਂ ਮਹਾਰਾਣੀਆਂ ਤਖ਼ਤ ਦੇ ਵਾਰਸ ਪੈਦਾ ਕਰ ਚੁੱਕੀਆਂ ਸਨ ਇਸ ਕਰਕੇ ਮਹਾਰਾਣੀ ਸਾਹਿਬਾ ਉਸ ਸਮੇਂ ਤਕ ਲਾਹੌਰ ਦਰਬਾਰ ਦੀ ਰਾਜਨੀਤੀ ਵਿਚ ਸਾਹਮਣੇ ਨਹੀਂ ਆ ਸਕੀ ਜਦੋਂ ਤਕ ਕੰਵਰ ਦਲੀਪ ਸਿੰਘ ਤੋਂ ਬਿਨਾ ਕੋਈ ਹੋਰ ਤਖ਼ਤ ਦਾ ਵਾਰਸ ਜਿਉਂਦਾ ਨਹੀਂ ਰਿਹਾ ਸੀ। ਭਾਵੇਂ ਕੰਵਰ ਦਲੀਪ ਸਿੰਘ ਦੇ ਮਹਾਰਾਜਾ ਬਣਨ ਸਮੇਂ ਕੰਵਰ ਕਸ਼ਮੀਰਾ ਸਿੰਘ ਅਤੇ ਕੰਵਰ ਪਿਸ਼ੌਰਾ ਸਿੰਘ ਜੀਵਤ ਸਨ ਅਤੇ ਬਾਲਗ ਵੀ ਸਨ ਪਰ ਇਹ ਦੋਵੇਂ ਕੰਵਰ ਅਸਲ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਮੁਤਬੰਨੇ ਪੁੱਤਰ ਸਨ। ਇਸ ਕਰਕੇ ਹੀ ਇਨ੍ਹਾਂ ਨੇ ਕਦੇ ਵੀ ਆਪਣੇ ਆਪ ਨੂੰ ਲਾਹੌਰ ਦੇ ਤਖ਼ਤ ਦਾ ਉਤਰਅਧਿਕਾਰੀ ਬਣਨ ਦੀ ਜਿੱਦ ਨਹੀਂ ਕੀਤੀ। ਕੰਵਰ ਦਲੀਪ ਸਿੰਘ ਦੇ ਮਹਾਰਾਜਾ ਬਣਨ ਪਿੱਛੋਂ ਜੇ ਕਦੇ ਇਕ ਅੱਧੀ ਵਾਰ ਇਨ੍ਹਾਂ ਕੰਵਰ ਸਾਹਿਬਾਨ ਨੇ ਮਹਾਰਾਜਾ ਬਣਨ ਦੀ ਕੋਸ਼ਿਸ਼ ਕੀਤੀ ਵੀ ਸੀ ਉਹ ਸਿਰਫ ਦਰਬਾਰ ਦੇ ਧੜਿਆਂ ਦੀ ਆਪਸੀ ਖਹਿਬਾਜ਼ੀ ਦੇ ਅਧੀਨ ਹੀ ਹੋਈ ਸੀ। ਮਹਾਰਾਣੀ ਜਿੰਦ ਕੌਰ ਸਿਰਫ਼ ਉਸ ਵੇਲੇ ਹੀ ਸਾਹਮਣੇ ਆਈ ਸੀ ਜਦੋਂ ਮਹਾਰਾਜਾ ਸ਼ੇਰ ਸਿੰਘ, ਸ਼ਾਹਜ਼ਾਦਾ ਪਰਤਾਪ ਸਿੰਘ ਅਤੇ ਰਾਜਾ ਧਿਆਨ ਸਿੰਘ ਦੇ ਤੀਹਰੇ ਕਤਲ ਨਾਲ ਲਾਹੌਰ ਦਰਬਾਰ ਨੂੰ ਜੜਾਂ ਤੋਂ ਹਿਲਾ ਦਿੱਤਾ ਗਿਆ ਸੀ। ਇਹ ਗੱਲ 15 ਸਤੰਬਰ, 1843 ਦੀ ਹੈ। ਇਨ੍ਹਾਂ ਕਤਲਾਂ ਨੇ ਲਾਹੌਰ ਤੇ ਤਖ਼ਤ ਦੇ ਵਾਰਸਾਂ ਦੀ ਕਤਾਰ ਨੂੰ ਕੰਵਰ ਦਲੀਪ ਸਿੰਘ ਤੱਕ

ਪਹੁੰਚਾ ਦਿੱਤਾ ਸੀ। ਮਹਾਰਾਣੀ ਸਾਹਿਬਾਂ ਨੇ ਸਮੇਂ ਦੀ ਨਾਜ਼ਿਕਤਾ ਨੂੰ ਭਾਂਪਦਿਆਂ ਮਰਦਾਂ ਵਾਂਗ ਅੱਗੇ ਆ ਕੇ ਆਪਣੇ ਪੁੱਤਰ ਨੂੰ ਆਪਣੀ ਸੁਰੱਖਿਅਤਾ ਵਿਚ ਰੱਖਿਆ। ਭਾਵੇਂ 15 ਸਤੰਬਰ ਨੂੰ ਕੰਵਰ ਦਲੀਪ ਸਿੰਘ ਨੂੰ ਮਹਾਰਾਜਾ ਘੋਸ਼ਿਤ ਕਰਨ ਸਮੇਂ ਸਾਰੀ ਤਾਕਤ ਰਾਜਾ ਹੀਰਾ ਸਿੰਘ ਨੇ ਆਪਣੇ ਹੱਥ ਵਿਚ ਲੈ ਲਈ ਸੀ ਪਰ ਮਹਾਰਾਣੀ ਨੇ ਆਪਣੇ ਆਪ ਨੂੰ ਰਾਜਾ ਹੀਰਾ ਸਿੰਘ ਅਗੇ ਨੀਵਾਂ ਨਹੀਂ ਕੀਤਾ ਸੀ ਸਗੋਂ ਆਪ ਮਹਾਰਾਜੇ ਦੀ ਨਿਗਰਾਨ ਬਣ ਕੇ ਅਤੇ ਰਾਜ ਮਾਤਾ ਦਾ ਦਰਜਾ ਹਾਸਲ ਕਰ ਕੇ ਰਾਜਾ ਹੀਰਾ ਸਿੰਘ ਦੇ ਉਪਰ ਇਕ ਅੰਕੁਸ਼ ਵਾਂਗ ਬੈਠ ਗਈ ਸੀ। ਰਾਜਾ ਹੀਰਾ ਸਿੰਘ ਅਤੇ ਉਸ ਦਾ ਸਲਾਹਕਾਰ ਪੰਡਤ ਜੱਲਾ ਕਿਸੇ ਵੀ ਸੂਰਤ ਵਿਚ ਆਪਣੀ ਤਾਕਤ ਵਿਚ ਕਿਸੇ ਹੋਰ ਦੀ ਦਖ਼ਲਅੰਦਾਜ਼ੀ ਨੂੰ ਸਹਿਣ ਨਹੀਂ ਕਰਨਾ ਚਾਹੁੰਦੇ ਸਨ ਪਰ ਮਹਾਰਾਣੀ ਨੇ ਇਕ ਦਮ ਐਸੀ ਪੁਜੀਸ਼ਨ ਹਾਸਲ ਕਰ ਲਈ ਸੀ ਕਿ ਰਾਜਾ ਹੀਰਾ ਸਿੰਘ ਅਤੇ ਉਸ ਦੇ ਸਾਥੀ ਚਾਹੁਣ ਦੇ ਬਾਵਜੂਦ ਵੀ ਮਹਾਰਾਣੀ ਨੂੰ ਮਾਤ ਨਹੀਂ ਪਾ ਸਕੇ।

ਮਹਾਰਾਜਾ ਸ਼ੇਰ ਸਿੰਘ ਅਤੇ ਬਾਕੀਆਂ ਦੇ ਕਤਲ ਦੇ ਬਾਦ ਲਾਹੌਰ ਦਰਬਾਰ ਦੀ ਰਾਜਨੀਤੀ ਐਸੇ ਚੁਰਸਤੇ ਤੇ ਜਾ ਖੜੀ ਸੀ ਜਿਥੋਂ ਇਸ ਨੂੰ ਸਹੀ ਦਿਸ਼ਾ ਵੱਲ ਲੈਕੇ ਜਾਣ ਵਾਲਾ ਕੋਈ ਨੇਤਾ ਨਹੀਂ ਦਿਸ ਰਿਹਾ ਸੀ। ਇਨ੍ਹਾਂ ਕਤਲਾਂ ਨਾਲ ਤਖ਼ਤ ਤਾਂ ਬਾਲਗ ਬਾਦਸ਼ਾਹਾਂ ਤੋਂ ਖਾਲੀ ਹੋਇਆ ਹੀ ਹੋਇਆ ਸੀ ਬਲਕਿ ਸੰਧਾਵਾਲੀਏ ਸਰਦਾਰਾਂ ਦੇ ਮਾਰੇ ਜਾਣ ਨਾਲ ਸਮੁੱਚੀ ਰਾਜਨੀਤੀ ਦਾ ਤਵਾਜ਼ਨ ਵੀ ਬਿਗੜ ਗਿਆ ਸੀ। ਸੰਧਾਵਾਲੀਏ ਸਰਦਾਰਾਂ ਦੇ ਹੁੰਦਿਆਂ ਡੋਗਰੇ ਭਰਾ ਦਰਬਾਰ ਦੀਆਂ ਨੀਤੀਆਂ ਉਪਰ ਭਾਰੂ ਨਹੀਂ ਹੋ ਸਕਦੇ ਸਨ। ਪਰ ਇਨ੍ਹਾਂ ਦੇ ਖਾਤਮੇ ਨਾਲ ਡੋਗਰਾ ਧੜਾ ਇਸ ਹੱਦ ਤਕ ਭਾਰੂ ਹੋ ਗਿਆ ਸੀ ਕਿ ਬਾਕੀ ਦੇ ਜੱਟ ਸਿੱਖ ਘਰਾਣੇ ਜਿਵੇਂ ਕਿ ਅਟਾਰੀ ਵਾਲੇ, ਮਜੀਠੀਏ ਅਤੇ ਹੋਰ ਸਭ ਦਹਿਕ ਕੇ ਡੋਗਰਿਆਂ ਨਾਲ ਜਾ ਰਲੇ ਸਨ। ਸਰਦਾਰ ਲਹਿਣਾ ਸਿੰਘ ਮਜੀਠੀਆ ਪੰਜਾਬ ਛੱਡ ਗਿਆ ਸੀ, ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਆਪਣੇ ਘਰ ਬੈਠ ਗਿਆ ਸੀ। ਇਸ ਤਰ੍ਹਾਂ ਇਸ ਸਮੇਂ ਮਹਾਰਾਣੀ ਜਿੰਦ ਕੌਰ ਨੇ ਜੇਕਰ ਰਾਜਾ ਹੀਰਾ ਸਿੰਘ ਦੇ ਬਰਾਬਰ ਆਪਣੀ ਤਾਕਤ ਬਣਾ ਕੇ ਰੱਖੀ ਸੀ ਤਾਂ ਇਹ ਸਭ ਉਸ ਦੀ ਆਪਣੀ ਹਿੰਮਤ ਅਤੇ ਰਾਜਨੀਤਕ ਸੂਝ-ਬੂਝ ਕਰਕੇ ਹੀ ਸੀ। ਮਹਾਰਾਣੀ ਸਾਹਿਬਾ ਦੇ ਕੰਮਾਂ ਨੂੰ ਮੁਲਅੰਕਣ ਲਈ ਇਸ ਸਥਿਤੀ ਨੂੰ ਸਾਹਮਣੇ ਰੱਖਣਾ ਅਤੀ ਜਰੂਰੀ ਹੈ। ਇਸ ਦੇ ਨਾਲ ਇਸ ਗੱਲ ਨੂੰ ਵੀ ਸਾਹਮਣੇ ਰੱਖਣਾ ਚਾਹੀਦਾ ਹੈ ਕਿ ਅਜਿਹੀ ਸਥਿਤੀ ਵਿਚ ਮਹਾਰਾਣੀ ਸਾਹਿਬਾ ਨਾਲ ਕੰਮ ਕਰਨ ਵਾਲੇ ਵਿਅਕਤੀ ਕੌਣ ਸਨ।

ਜਿਵੇਂ ਕਿ ਉਪਰ ਲਿਖਿਆ ਜਾ ਚੁੱਕਿਆ ਹੈ ਕਿ ਖਾਲਸਾ ਫੌਜਾਂ ਵਿਚ ਹਰਮਨ ਪਿਆਰੇ ਸਰਦਾਰ ਤਾਂ ਲਾਹੌਰ ਹਫੜਾ-ਦਫੜੀ ਤੋਂ ਡਰਦੇ ਬਾਹਰ ਨਿਕਲ ਗਏ ਸਨ। ਲਾਹੌਰ ਵਿਖੇ ਜੋ ਰਹਿੰਦੇ ਰਹੇ ਸਨ ਉਹ ਸਭ ਜਾਂ ਤਾਂ ਡੋਗਰੇ ਸਨ ਤੇ ਜਾਂ ਫਿਰ ਡੋਗਰਿਆਂ ਦੇ ਸ਼ੁਭਚਿੰਤਕ। ਮਹਾਰਾਣੀ ਅਤੇ ਉਸ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਦੀ ਸਹਾਇਤਾ 'ਤੇ ਕੋਈ ਵੀ ਕਹਿੰਦਾ-ਕਹਾਉਂਦਾ ਸਿੱਖ ਸਰਦਾਰ ਨਹੀਂ ਸੀ। ਕਿਲ੍ਹੇ ਦੇ ਆਲੇ ਦੁਆਲੇ ਅਤੇ ਸ਼ਹਿਰ ਦੀ ਹਰ ਮਹੱਤਵਪੂਰਨ ਥਾਂ ਤੇ ਡੋਗਰਾ ਰਜਮੈਂਟਾਂ ਸਨ। ਸਿੱਖ ਰਜਮੈਂਟਾਂ ਸਿਰਫ ਉਹ ਹੀ ਸਨ ਜੋ ਗੈਰ-ਸਿੱਖ ਕਮਾਂਡਰਾਂ ਦੀ ਅਗਵਾਈ ਵਿਚ ਸਨ ਜਿਵੇਂ ਵੈਂਤਰਾ ਆਦਿ। ਫਿਰ ਮਹਰਾਣੀ ਦਾ ਆਪਣਾ ਖਾਨਦਾਨੀ ਜਾਂ ਪਰਿਵਾਰਕ ਪਿਛੋਕੜ ਵੀ ਕੁਝ ਨਹੀਂ ਸੀ ਜਿਸ ਦਾ ਕਿ ਉਹ ਕੋਈ ਸਹਾਰਾ ਲੈ ਸਕਦੀ। ਉਸ ਦੇ ਆਪਣੇ ਭਰਾ ਸਗੋਂ ਆਪਣੀ ਭੈਣ ਦਾ ਸਹਾਰਾ ਲੱਭ ਰਹੇ ਸਨ। ਇਨ੍ਹਾਂ ਵਿਚੋਂ ਕੋਈ ਵੀ ਨਾ ਤਾਂ ਸਿਆਣਾ ਸੀ ਅਤੇ ਨਾ ਹੀ ਕਿਸੇ ਉਚੇ ਅਹੁਦੇ ਉਪਰ ਸੀ। ਇਸ ਕਰਕੇ ਮਹਾਰਾਣੀ ਚਾਰੋ ਪਾਸਿਆਂ ਤੋਂ ਘਿਰੀ ਹੋਈ ਸਿਰਫ ਉਨ੍ਹਾਂ ਵਿਅਕਤੀਆਂ ਨਾਲ ਹੀ ਆਪਣਾ ਕੰਮ ਚਲਾ ਰਹੀ ਸੀ ਜਿਹੜੇ ਡੋਗਰਾ ਧੜੇ ਵਿਚੋਂ ਹੀ ਸਨ। ਇਹ ਸਨ ਰਾਜਾ ਸੁਚੇਤ ਸਿੰਘ, ਰਾਜਾ ਲਾਲ ਸਿੰਘ ਅਤੇ ਉਸ ਦੀਆਂ ਕੁਝ ਨੌਕਰਾਣੀਆਂ। ਇਹ ਸਰਦਾਰ ਮਹਾਰਾਣੀ ਪ੍ਰਤੀ ਤਾਂ ਵਫਾਦਾਰ ਸਨ ਅਤੇ ਉਸ ਦੇ ਸ਼ੁਭਚਿੰਤਕ ਵੀ ਪਰ ਰਾਜਨੀਤਕ ਤੌਰ 'ਤੇ ਦੂਰਦਰਸ਼ੀ ਅਤੇ ਪਹਿਲ-ਕਦਮੀ ਕਰਨ ਵਾਲੇ ਨਹੀਂ ਸਨ। ਇਸ ਕਰਕੇ ਮਹਾਰਾਣੀ ਸਾਹਿਬਾ ਦੀਆਂ ਨੀਤੀਆਂ ਉਸ ਤਰ੍ਹਾਂ ਸਫਲ ਨਹੀਂ ਹੋ ਸਕੀਆਂ ਸਨ ਜਿਸ ਤਰ੍ਹਾਂ ਇਸ ਤਰ੍ਹਾਂ ਦੀ ਦਲੇਰ ਅਤੇ ਦਰਿੜ੍ਹਤਾ ਵਾਲੀ ਔਰਤ ਦੀਆਂ ਹੋਣੀਆਂ ਚਾਹੀਂਦੀਆਂ ਸਨ।

ਮਹਾਰਾਣੀ ਸਾਹਿਬਾ ਨੇ ਆਪਣੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਸਭ ਤੋਂ ਪਹਿਲਾਂ ਆਪਣੇ ਪੁੱਤਰ ਮਹਾਰਾਜਾ ਦਲੀਪ ਸਿੰਘ ਦੀ ਰੋਪੜ ਦੇ ਸਰਦਾਰ ਭੂਪ ਸਿੰਘ ਦੀ ਲੜਕੀ ਨਾਲ ਮੰਗਣੀ ਕਰਨੀ ਚਾਹੀ ਸੀ। ਇਸ ਨਾਲ ਮਹਾਰਾਣੀ ਸਮਝਦੀ ਸੀ ਕਿ ਰਾਜਪੂਤਾਂ ਦਾ ਇਕ ਤਕੜਾ ਧੜਾ ਉਸ ਦੀ ਪਿੱਠ ਤੇ ਆ ਜਾਵੇਗਾ। ਰਾਜਾ ਹੀਰਾ ਸਿੰਘ ਇਹ ਰਿਸ਼ਤਾ ਮਨਜ਼ੂਰ ਨਹੀਂ ਕਰ ਰਿਹਾ ਸੀ। ਰਾਜੇ ਨੇ ਇਸ ਰਿਸ਼ਤੇ ਨੂੰ ਰੋਕਣ ਲਈ ਇਕ ਰਾਜਨੀਤਕ ਚਲਾਕੀ ਵਾਲਾ ਸ਼ੋਸ਼ਾ ਛੱਡਿਆ ਕਿ ਕਿਉਂਕਿ ਮਹਾਰਾਜਾ ਜੱਟ ਸਿਖ ਹੈ ਇਸ ਕਰਕੇ ਉਸ ਦਾ ਰਿਸ਼ਤਾ ਜੱਟ-ਸਿਖਾਂ ਦੇ ਘਰ ਹੀ ਹੋਣਾ

ਚਾਹੀਂਦਾ ਹੈ। ਪਰ ਮਹਾਰਾਣੀ ਅੜੀ ਰਹੀ ਅਤੇ ਰਿਸ਼ਤਾ ਇਥੇ ਹੀ ਪੱਕਾ ਕੀਤਾ।

ਮਹਾਰਾਣੀ ਸਾਹਿਬਾ ਦੀ ਦੂਸਰੀ ਕੋਸ਼ਿਸ਼ ਰਾਜਾ ਸੁਚੇਤ ਸਿੰਘ ਨੂੰ ਆਪਣੇ ਨਾਲ ਮਿਲਾ ਕੇ ਰਾਜਾ ਹੀਰਾ ਸਿੰਘ ਦੇ ਬਰਾਬਰ ਇਕ ਤਕੜੀ ਧਿਰ ਉਸਾਰਨ ਦੀ ਸੀ। ਸਭ ਤੋਂ ਪਹਿਲਾਂ ਤਾਂ ਭਾਵੇਂ ਮਹਾਰਾਣੀ ਸਾਹਿਬਾ ਨੇ ਰਾਜਾ ਗੁਲਾਬ ਸਿੰਘ ਨੂੰ ਲਾਹੌਰ ਆਕੇ ਵਜ਼ੀਰ ਦਾ ਅਹੁਦਾ ਸੰਭਾਲ ਲੈਣ ਵਾਸਤੇ ਕਿਹਾ ਸੀ ਪਰ ਰਾਜਾ ਗੁਲਾਬ ਸਿੰਘ ਮਹਾਰਾਣੀ ਸਾਹਿਬਾ ਨਾਲੋਂ ਕਿਤੇ ਜ਼ਿਆਦਾ ਚਲਾਕ ਸੀ। ਉਹ ਆਪਣੇ ਭਤੀਜੇ ਨਾਲ ਸਿੱਧੀ ਲੜਾਈ ਵਿਚ ਨਹੀਂ ਪਿਆ ਸੀ ਜਿਸ ਵਿਚ ਕਿ ਉਸ ਨੂੰ ਮਹਾਰਾਣੀ ਪਾਉਣਾ ਚਾਹੁੰਦੀ ਸੀ ਪਰ ਉਹ ਅੰਦਰੋਗਤੀ ਪ੍ਰਧਾਨ ਮੰਤਰੀ ਬਣਨ ਦੀਆਂ ਕੋਸ਼ਿਸ਼ਾਂ ਜ਼ਰੂਰ ਕਰ ਰਿਹਾ ਸੀ। ਰਾਜਾ ਹੀਰਾ ਸਿੰਘ ਨੇ ਉਸ ਦੀਆਂ ਅੰਦਰੋਗਤੀ ਦੀਆਂ ਕੋਸ਼ਿਸ਼ਾਂ ਸਫਲ ਨਹੀਂ ਹੋਣ ਦਿਤੀਆਂ ਸਨ। ਰਾਜਾ ਸੁਚੇਤ ਸਿੰਘ ਬੇਹੱਦ ਸੂਰਮਾ ਅਤੇ ਮਰ-ਮਿਟਣ ਵਾਲਾ ਜਰਨੈਲ ਸੀ ਪਰ ਉਸ ਵਿਚ ਆਪਣੇ ਵੱਡੇ ਭਰਾਵਾਂ ਵਾਲੀ ਰਾਜਨੀਤਕ ਦੂਰਅੰਦੇਸ਼ੀ ਨਹੀਂ ਸੀ। ਇਸੇ ਕਰਕੇ ਉਹ ਇਕ ਦਮ ਆਪਣੇ ਭਤੀਜੇ ਰਾਜਾ ਹੀਰਾ ਸਿੰਘ ਦੇ ਨਾਲ ਸਿੱਧੀ ਲੜਾਈ ਵਿਚ ਆ ਗਿਆ ਸੀ। ਲਾਹੌਰ ਦਰਬਾਰ ਦੇ ਪ੍ਰਧਾਨ ਮੰਤਰੀ ਨਾਲ ਅਤੇ ਉਹ ਵੀ ਉਸ ਸਮੇਂ ਜਦੋਂ ਕਿ ਉਹ ਪੂਰਾ ਸ਼ਕਤੀਸ਼ਾਲੀ ਸੀ, ਸਿੱਧੀ ਟੱਕਰ ਵਿਚ ਆਉਣਾ ਸਿਆਣਪ ਵਾਲੀ ਗੱਲ ਨਹੀਂ ਸੀ। ਉਸ ਦੀ ਮਹਾਰਾਣੀ ਪ੍ਰਤੀ ਵਫ਼ਾਦਾਰੀ ਅਤੇ ਸ਼ਰਧਾ ਸੀ। ਮਹਾਰਾਣੀ ਨੇ ਉਸ ਨੂੰ ਸੱਦਾ ਭੇਜਿਆ ਕਿ ਉਹ ਜਮੂੰ ਤੋਂ ਲਾਹੌਰ ਪਹੁੰਚ ਜਾਵੇ। ਮਹਾਰਾਣੀ ਨੇ ਉਸ ਨੂੰ ਯਕੀਨ ਦਿਵਾਇਆ ਸੀ ਕਿ ਉਹ ਸਿੱਖ ਸਰਦਾਰਾਂ ਨੂੰ ਉਸ ਦੀ ਮਦਦ ਕਰਨ ਲਈ ਪਰੇਰੇਗੀ ਅਤੇ ਸਾਰੀ ਖਾਲਸਾ ਫੌਜ ਉਸ ਦੇ ਕਹਿਣੇ ਵਿਚ ਹੈ। ਜਦੋਂ ਹੀ ਉਹ ਲਾਹੌਰ ਪਹੁੰਚੇਗਾ ਇਹ ਸਭ ਧਿਰਾਂ ਉਸ ਦੇ ਹੱਕ ਵਿਚ ਹੋ ਜਾਣਗੀਆਂ।

ਇਸ ਗੱਲ ਨੇ ਰਾਜਾ ਸੁਚੇਤ ਸਿੰਘ ਨੂੰ ਇਤਨਾ ਉਤੇਜਿਤ ਕਰ ਦਿਤਾ ਕਿ ਉਹ ਆਪਣੇ ਮੁੱਠੀ ਭਰ ਅੰਗਰੱਖਿਅਕਾਂ ਨਾਲ ਹੀ ਲਾਹੌਰ ਨੂੰ ਚੱਲ ਪਿਆ। ਉਸ ਨੂੰ ਇਸ ਗੱਲ ਦਾ ਯਕੀਨ ਨਹੀਂ ਸੀ ਕਿ ਉਸ ਦਾ ਭਤੀਜਾ ਰਾਜਾ ਹੀਰਾ ਸਿੰਘ ਉਸ ਦਾ ਮੁਕਾਬਲਾ ਕਰੇਗਾ। ਪਰ ਜਿਉਂ ਹੀ ਉਹ ਲਾਹੌਰ ਦੇ ਬਾਹਰਵਾਰ ਰਾਵੀ ਦਰਿਆ 'ਤੇ ਪਹੁੰਚਿਆ ਤਾਂ ਉਸ ਨੇ ਮਹਾਰਾਣੀ ਸਾਹਿਬਾ ਵਲ ਸੁਨੇਹਾ ਭੇਜਿਆ। ਇਹ ਸੁਨੇਹਾ ਮਹਾਰਾਣੀ ਵਲ ਨਹੀਂ ਪਹੁੰਚ ਸਕਿਆ ਲੇਕਿਨ ਉਸ ਦੇ ਆਉਣ ਦੀ ਖ਼ਬਰ ਰਾਜਾ ਹੀਰਾ ਸਿੰਘ ਨੂੰ ਜ਼ਰੂਰ ਹੋ ਗਈ ਸੀ। ਉਸ ਨੇ ਇਕ ਦਮ ਇਕ ਤਕੜੀ ਸੈਨਿਕ ਟੁਕੜੀ ਰਾਜਾ ਸੁਚੇਤ ਸਿੰਘ ਨੂੰ ਲਾਹੌਰ ਵਿਚ ਵੜਨ ਤੋਂ ਰੋਕਣ ਲਈ ਭੇਜ ਦਿੱਤੀ। ਇਹ ਗੱਲ 26 ਮਾਰਚ, 1844 ਦੀ ਹੈ। 27 ਮਾਰਚ ਨੂੰ ਸਵੇਰੇ ਹੀ ਰਾਜਾ ਹੀਰਾ ਸਿੰਘ ਆਪ ਖੁਦ ਫੌਜ ਲੈਕੇ ਚਲ ਪਿਆ। ਪਹਿਲਾਂ ਪਹਿਲਾਂ ਤਾਂ ਰਾਜਾ ਸੁਚੇਤ ਸਿੰਘ ਨੇ ਸਮਝਿਆ ਸੀ ਕਿ ਸ਼ਾਇਦ ਇਹ ਫੌਜ ਉਸ ਦਾ ਸੁਆਗਤ ਕਰਨ ਆ ਰਹੀ ਹੈ ਪਰ ਛੇਤੀ ਹੀ ਇਹ ਪਤਾ ਲੱਗ ਗਿਆ ਸੀ ਕਿ ਇਹ ਸਭ ਕੁਝ ਉਸ ਨੂੰ ਰੋਕਣ ਲਈ ਹੈ। ਹੁਣ ਉਸ ਨੂੰ ਪਿੱਛੇ ਰੁਕਨ ਵਿਚ ਸ਼ਰਮ ਆਉਂਦੀ ਸੀ। ਉਸ ਨੇ ਆਪਣੇ ਭਤੀਜੇ ਨੂੰ ਇਹ ਕੁਝ ਕਰਨ ਤੋਂ ਮਨ੍ਹਾ ਕੀਤਾ ਪਰ ਹੀਰਾ ਸਿੰਘ ਉਸ ਨੂੰ ਮਾਰਨ 'ਤੇ ਤੁਲਿਆ ਹੋਇਆ ਸੀ। ਸਿੱਟੇ ਵਜੋਂ ਫੌਜ ਨੇ ਰਾਜਾ ਸਾਹਿਬ 'ਤੇ ਹਮਲਾ ਕਰ ਦਿਤਾ ਅਤੇ ਉਹ ਲੜਦਾ ਹੋਇਆ ਮਾਰਿਆ ਗਿਆ। ਉਸ ਦੇ ਮਾਰੇ ਜਾਣ ਨਾਲ ਇਹ ਤਾਂ ਗੱਲ ਸਾਬਤ ਹੋ ਗਈ ਸੀ ਕਿ ਉਹ ਜੰਗ ਦੇ ਮੈਦਾਨ ਵਿਚ ਪਿੱਠ ਦੇਣ ਵਾਲਾ ਨਹੀਂ ਸੀ ਪਰ ਉਸ ਦੀ ਮੌਤ ਨੇ ਮਹਾਰਾਣੀ ਸਾਹਿਬਾ ਦਾ ਇਕ ਤਕੜਾ ਸਾਥੀ ਖ਼ਤਮ ਕਰ ਦਿੱਤਾ ਸੀ। ਰਾਜਾ ਹੀਰਾ ਸਿੰਘ ਦੀ ਤਾਕਤ ਹੋਰ ਵਧ ਗਈ ਸੀ।

ਭਾਵੇਂ ਰਾਜਾ ਸੁਚੇਤ ਸਿੰਘ ਮਾਰਿਆ ਗਿਆ ਸੀ ਅਤੇ ਇਸ ਨਾਲ ਮਹਾਰਾਣੀ ਸਾਹਿਬਾ ਨੂੰ ਇਕ ਤਕੜੀ ਸੱਟ ਵੀ ਵੱਜੀ ਸੀ ਪਰ ਇਸ ਨਾਲ ਡੋਗਰਾ ਮਿੱਥ ਖਤਮ ਹੋ ਗਈ ਸੀ। ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਨੇ ਡੋਗਰਾ ਸ਼ਕਤੀ ਵਿਚ ਦੁਫੇੜ ਪਾਇਆ ਸੀ। ਇਹ ਕੰਮ ਨਾ ਹੀ ਕੰਵਰ ਨੌਨਿਹਾਲ ਸਿੰਘ ਕਰ ਸਕਿਆ ਸੀ ਅਤੇ ਨਾ ਹੀ ਮਹਾਰਾਜਾ ਸ਼ੇਰ ਸਿੰਘ। ਪਰ ਮਹਾਰਾਣੀ ਜਿੰਦ ਕੌਰ ਨੇ ਇਹ ਕੰਮ ਕਰ ਲਿਆ ਸੀ। ਰਾਜਾ ਗੁਲਾਬ ਸਿੰਘ ਅਤੇ ਰਾਜਾ ਹੀਰਾ ਸਿੰਘ ਅੰਦਰੋਂ ਇਕ ਦੂਜੇ ਨਾਲ ਖਾਰ ਖਾਂਦੇ ਸਨ। ਰਾਜਾ ਸੁਚੇਤ ਸਿੰਘ ਦੀ ਸਾਰੀ ਜਾਇਦਾਦ ਦਾ ਵਾਰਸ ਰਾਜਾ ਗੁਲਾਬ ਸਿੰਘ ਬਣ ਗਿਆ ਸੀ ਪਰ ਇਸ ਗੱਲ ਨੂੰ ਰੋਕਣ ਲਈ ਰਾਜਾ ਹੀਰਾ ਸਿੰਘ ਨੇ ਬਹੁਤ ਜ਼ੋਰ ਲਾਇਆ ਸੀ।

ਮਹਾਰਾਣੀ ਸਾਹਿਬਾ ਇਥੇ ਹੀ ਬੱਸ ਕਰਕੇ ਨਹੀਂ ਬੈਠੀ ਸੀ। ਉਸ ਨੇ ਸਿੱਖ ਸਰਦਾਰਾਂ ਨੂੰ ਵੀ ਲਾਹੌਰ ਵਿਚ ਇਕੱਠਿਆਂ ਕਰਨ ਦੀ ਕੋਸ਼ਿਸ਼ ਜਾਰੀ ਰੱਖੀ ਹੋਈ ਸੀ। ਮਹਾਰਾਣੀ ਕਈ ਵਾਰ ਆਪਣੇ ਪੁੱਤਰ ਨੂੰ ਲੈ ਕੇ ਫੌਜੀ ਰਜਮੈਂਟਾਂ ਵਿਚ ਚਲੀ ਜਾਇਆ ਕਰਦੀ ਸੀ। ਇਸ ਨਾਲ ਉਸ ਦਾ ਫੌਜੀ ਰਜਮੈਂਟਾਂ ਨਾਲ ਸਿੱਧਾ ਸੰਬੰਧ ਹੋਣ ਲੱਗ ਪਿਆ। ਇਸ ਗੱਲ ਨੂੰ ਰਾਜਾ ਹੀਰਾ ਸਿੰਘ ਅਤੇ ਪੰਡਿਤ ਜੱਲਾ ਚੰਗਾ ਨਹੀਂ ਸੀ ਸਮਝਦੇ। ਮਹਾਰਾਣੀ ਆਪਣੇ ਲਈ ਵੱਧ ਤੋਂ

ਵੱਧ ਖ਼ਰਚ ਲੈਣਾ ਚਾਹੁੰਦੀ ਸੀ ਜਿਸ ਨੂੰ ਨਾ ਦੇਣ ਲਈ ਰਾਜਾ ਹੀਰਾ ਸਿੰਘ ਅੜਿਆ ਰਿਹਾ ਸੀ। ਮਹਾਰਾਣੀ ਉਸ ਨੂੰ ਧਮਕੀ ਦਿੰਦੀ ਸੀ ਕਿ ਉਹ ਇਹੀ ਅਪੀਲ ਫੌਜ ਅੱਗੇ ਕਰੇਗੀ ਇਸ ਕਰਕੇ ਰਾਜਾ ਹੀਰਾ ਸਿੰਘ ਨੂੰ ਮਹਾਰਾਣੀ ਨਾਲ ਨਾ ਚਾਹੁੰਦੇ ਹੋਏ ਵੀ ਸਮਝੌਤਾ ਕਰਨਾ ਪਿਆ ਸੀ। ਮਹਾਰਾਣੀ ਨੇ ਪਹਿਲਾਂ ਤਾਂ ਆਪਣੇ ਭਰਾਵਾਂ ਲਈ ਦਰਬਾਰ ਦੇ ਵਿਚ ਅੱਛੇ ਅਹੁਦੇ ਦਿਵਾਏ, ਫਿਰ ਉਨ੍ਹਾਂ ਲਈ ਅੱਛੀਆਂ ਜਾਗੀਰਾਂ ਲਗਵਾਈਆਂ। ਜਿਉਂ ਜਿਉਂ ਮਹਾਰਾਣੀ ਆਪਣੀਆਂ ਮੰਗਾਂ ਰਾਜਾ ਹੀਰਾ ਸਿੰਘ ਅੱਗੇ ਰੱਖਦੀ ਸੀ। ਤਿਉਂ ਤਿਉਂ ਹੀਰਾ ਸਿੰਘ ਨੂੰ ਆਪਣੀ ਤਾਕਤ ਖੁੱਸਦੀ ਨਜ਼ਰ ਆਉਂਦੀ ਸੀ।" ਇਸ ਸਭ ਕੁਝ ਵਿਚ ਮਹਾਰਾਣੀ ਦੀ ਸਭ ਤੋਂ ਵੱਧ ਵਫ਼ਾਦਾਰ ਅਤੇ ਭਰੋਸੇਯੋਗ ਸਾਥਣ ਮੰਗਲਾਂ ਦਾ ਰੋਲ ਸੀ। ਮੰਗਲਾਂ ਮਹਾਰਾਣੀ ਸਾਹਿਬਾ ਦੀ ਆਵਾਜ਼ ਸੀ। ਜਦੋਂ ਵੀ ਮਹਾਰਾਣੀ ਸਾਹਿਬਾ ਦਰਬਾਰੀਆਂ ਨਾਲ ਸਲਾਹ ਮਸ਼ਵਰੇ ਲਈ ਆਪਣੀ ਕਚਹਿਰੀ ਆਉਂਦੀ ਸੀ ਤਾਂ ਮਹਾਰਾਣੀ ਖੁਦ ਤਾਂ ਪਰਦੇ ਦੇ ਪਿੱਛੇ ਹੁੰਦੀ ਸੀ ਅਤੇ ਦਰਬਾਰੀਆਂ ਦੇ ਸਾਹਮਣੇ ਮੰਗਲਾਂ ਹੀ ਹੁੰਦੀ ਸੀ। ਦਰਬਾਰ ਵਿੱਚ ਵੀ ਅਤੇ ਹੋਰ ਮੌਕਿਆਂ 'ਤੇ ਵੀ ਮਹਾਰਾਣੀ ਅਤੇ ਦਰਬਾਰੀਆਂ ਵਿਚਕਾਰ ਮੰਗਲਾਂ ਹੀ ਸਾਰੀ ਕਾਰਵਾਈ ਚਲਾਉਂਦੀ ਸੀ। ਇਥੋਂ ਤਕ ਕਿ ਮਹਾਰਾਣੀ ਦੀਆਂ ਹਦਾਇਤਾਂ ਲੈ ਕੇ ਮੰਗਲਾਂ ਹੀ ਵੱਖ ਵੱਖ ਅਧਿਕਾਰੀਆਂ ਨੂੰ ਹੁਕਮ, ਫੈਸਲੇ ਜਾਂ ਹੋਰ ਜ਼ਰੂਰੀ ਕੰਮ ਲਿਖਵਾਉਂਦੀ ਸੀ। ਇਸ ਤਰ੍ਹਾਂ ਮੰਗਲਾਂ, ਮਹਿਲਾਂ ਅਤੇ ਦਰਬਾਰ ਵਿਚ ਮਹਾਰਾਣੀ ਦੀ ਵਿਸ਼ਵਾਸ ਪਾਤਰ ਅਤੇ ਆਵਾਜ਼ ਬਣ ਕੇ ਚਲਦੀ ਸੀ।

ਰਾਜਾ ਹੀਰਾ ਸਿੰਘ ਨੇ ਵੀ ਮਹਾਰਾਣੀ ਸਾਹਮਣੇ ਛੇਤੀ ਕੀਤਿਆਂ ਹਾਰ ਨਹੀਂ ਸੀ ਮੰਨੀ। ਇਹ ਬਹੁਤ ਵੱਡਾ ਦੁਖਾਂਤ ਹੈ ਸਿੱਖ ਰਾਜ ਦਾ ਕਿ ਨਾ ਹੀ ਮਹਾਰਾਣੀ ਨੂੰ ਯੋਗ ਅਤੇ ਨਿਪੁੰਨ ਸਾਥੀ ਮਿਲੇ ਸਨ ਅਤੇ ਨਾ ਹੀ ਰਾਜਾ ਹੀਰਾ ਸਿੰਘ ਨੂੰ ਯੋਗ ਅਤੇ ਨਿਪੁੰਨ ਸਲਾਹਕਾਰ। ਵੈਸੇ ਇਹ ਦੋਵੇਂ ਪਾਤਰ ਬਹੁਤ ਤੇਜ਼ ਬੁੱਧੀ ਵਾਲੇ ਅਤੇ ਰਾਜਨੀਤਕ ਚਲਾਕੀਆਂ ਦੇ ਮਾਹਰ ਸਨ। ਦੋਹਾਂ ਨੂੰ ਆਪੋ ਆਪਣੇ ਅਹੁਦਿਆਂ ਦਾ ਮਾਣ ਸੀ ਅਤੇ ਪੁਜੀਸ਼ਨਾਂ ਦੋਵਾਂ ਦੀਆਂ ਸ਼ਕਤੀਸਾਲੀ ਸਨ। ਜੇ ਕਿਤੇ ਇਹ ਦੋਵੇਂ ਸਖਸ਼ੀਅਤਾਂ ਇਕੱਠੀਆਂ ਹੋਕੇ ਕੰਮ ਕਰਦੀਆਂ ਤਾਂ ਬਹੁਤ ਵੱਡਾ ਸਿਆਸੀ ਇਨਕਲਾਬ ਲਿਆ ਸਕਦੀਆਂ ਸਨ ਪਰ ਇਹ ਕੰਮ ਨਾ ਹੋ ਸਕਿਆ। ਰਾਜਾ ਹੀਰਾ ਸਿੰਘ ਦਾ ਸਭ ਤੋਂ ਵੱਡਾ ਸਲਾਹਕਾਰ ਸੀ ਪੰਡਤ ਜੱਲਾ। ਪੰਡਤ ਜੱਲਾ ਸਿੱਖ ਸਰਦਾਰਾਂ ਦਾ ਵੀ ਵਿਰੋਧੀ ਸੀ ਅਤੇ ਮਹਾਰਾਣੀ ਦਾ ਵੀ। ਹੋ ਸਕਦਾ ਹੈ ਕਿ ਰਾਜਾ ਹੀਰਾ ਸਿੰਘ ਮਹਾਰਾਣੀ ਨਾਲ ਸੁਲਹਾ-ਸਫਾਈ ਕਰ ਹੀ ਲੈਂਦਾ ਪਰ ਪੰਡਤ ਜੱਲਾ ਇਹ ਗੱਲ ਨਹੀਂ ਸੀ ਹੋਣ ਦੇਣੀ ਚਾਹੁੰਦਾ। ਅਖੀਰ ਇਸ ਦੀਆਂ ਸਲਾਹਾਂ ਰਾਜਾ ਹੀਰਾ ਸਿੰਘ ਨੂੰ ਮਹਾਰਾਣੀ ਦਾ ਇਕ ਤਕੜਾ ਵਿਰੋਧੀ ਬਣਾ ਕੇ ਖੜਾ ਕਰ ਗਈਆਂ।

ਰਾਜਾ ਹੀਰਾ ਸਿੰਘ ਅਤੇ ਪੰਡਤ ਜੱਲਾ ਸਿੰਘ ਨੇ ਸਭ ਤੋਂ ਪਹਿਲਾਂ ਉਨ੍ਹਾਂ ਸਰਦਾਰਾਂ ਨੂੰ ਵੀ ਖ਼ਤਮ ਕੀਤਾ ਸੀ ਜਿਹੜੇ ਉਨ੍ਹਾਂ ਦੇ ਵਿਰੋਧੀ ਰਹੇ ਸਨ। ਇਹ ਕੰਮ ਸੰਧਾਵਾਲੀਏ ਸਰਦਾਰਾਂ ਨੂੰ ਮਾਰਨ ਦੇ ਬਹਾਨੇ ਵਿਚ ਹੀ ਕੀਤਾ ਗਿਆ ਸੀ। ਇਸ ਨਾਲ ਸਿੱਖ ਸਰਦਾਰਾਂ ਵਿਚ ਤਰਥੱਲੀ ਮੱਚ ਗਈ ਸੀ। ਦੂਜਾ ਕੰਮ ਉਨ੍ਹਾਂ ਨੇ ਲਾਹੌਰ ਵਿਚ ਡੋਗਰਾ ਰਜਮੈਂਟਾਂ ਨੂੰ ਤਾਇਨਾਤ ਕਰਨ ਦਾ ਕੀਤਾ ਸੀ। ਇਕ ਸਮੇਂ ਤਾਂ ਸਾਰਾ ਲਾਹੌਰ ਡੋਗਰਾ ਰਜਮੈਂਟਾਂ ਦੇ ਕਬਜ਼ੇ ਵਿਚ ਹੀ ਸੀ।

**ਚਲਦਾ...**

## ਨੌਜਵਾਨਾਂ ਦੀ ਸਮਾਜਿਕ ਜ਼ਿੰਮੇਵਾਰੀ

ਸਮਾਜ ਦੇ ਦਬੇ-ਕੁਚਲੇ, ਕਮਜ਼ੋਰ ਤੇ ਗ਼ਰੀਬੀ-ਰੇਖਾ ਤੋਂ ਹੇਠਾਂ ਰਹਿ ਰਹੇ ਤਬਕੇ ਲਈ ਕੁੱਝ ਕਰਕੇ ਦਿਖਾਉਣ। ਪਿੰਡਾਂ ਤੇ ਦੂਰ-ਦਰਾਜ ਇਲਾਕਿਆਂ ਵਿੱਚ ਵਿੱਦਿਆ ਦੇ ਚਾਨਣ ਨਾਲ ਲੋਕਾਂ ਦੇ ਜੀਵਨ-ਪੱਧਰ ਨੂੰ ਉੱਚਾ ਚੁਕਣ ਲਈ ਸਰਕਾਰ ਦੀਆਂ ਯੋਜਨਾਵਾਂ ਨੂੰ ਅਮਲੀ ਰੂਪ ਦੇਣ ਲਈ ਯਤਨਸ਼ੀਲ ਰਹਿਣ। ਆਪਣਾ ਆਲਾ-ਦੁਆਲਾ ਸਾਫ਼-ਸੁਥਰਾ ਰਖਣ, ਲੋਕਾਂ ਦੇ ਦੁੱਖ-ਸੁੱਖ ਵਿੱਚ ਭਾਈਵਾਲ ਬਣਨ। ਸਮਾਜ-ਸੁਧਾਰ ਦੇ ਕੰਮਾਂ ਵਿੱਚ ਸਹਾਈ ਹੋਣ, ਸਮਾਜ ਤੇ ਆਈ ਕਿਸੀ ਅਚਣਚੇਤੀ ਮੁਸ਼ਕਲ ਜਿਵੇਂ ਹੜ, ਭੂਚਾਲ ਜਾਂ ਬੀਮਾਰੀ ਵੇਲੇ ਮਦਦ ਕਰਨ ਲਈ ਤੱਤਪਰ ਰਹਿਣ। ਵਿਧਵਾਵਾਂ ਤੇ ਯਤੀਮਾਂ ਦੀ ਮਦਦ ਲਈ ਆਪ ਵੀ ਅਗੇ ਆਉਣ ਤੇ ਸਮਾਜ ਦੇ ਬਾਕੀ ਲੋਕਾਂ ਨੂੰ ਵੀ ਪ੍ਰੇਰਨ। ਬਜ਼ੁਰਗਾਂ ਦਾ ਸਨਮਾਨ ਕਰਣ ਅਤੇ ਪੁੰਗਰਦੀ ਪੀੜ੍ਹੀ ਲਈ ਰਾਹ-ਦਿਸੇਰੇ ਦਾ ਕੰਮ ਕਰਨ।

ਨੌਜਵਾਨ ਸਮਾਜ ਦੇ ਹਰ ਤਬਕੇ ਲਈ ਸਮਦਰਸ਼ੀ ਦ੍ਰਿਸ਼ਟੀ ਰਖਣ। ਆਪਸੀ ਪ੍ਰੇਮ-ਪਿਆਰ, ਹਮਦਰਦੀ ਤੇ ਸਰਬ-ਸਾਂਝੀਵਾਲਤਾ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਇਹ ਵਾਕ ਹਮੇਸ਼ਾਂ ਚੇਤੇ ਰਖਣ-

ਸਭੈ ਸਾਂਝੀਵਾਲ ਸਦਾਇਨ ਕੋਈ ਨਾਂ ਦਿਸੈ ਬਾਹਰਾ ਜੀਓ॥

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਪਰੰਤੂ ਇਸ ਹੋਲੇ ਵਿੱਚ ਮਹਾਰਾਜ ਜੀ ਦੀਆਂ ਦੋਵੇਂ ਨੂੰਹਾਂ ਹਾਜਰ ਨਹੀਂ। ਵੱਡੀ ਦੀਆਂ ਬੱਚੀਆਂ ਬਿਮਾਰ ਹਨ ਅਤੇ ਛੋਟੀ ਬੈਂਗਲੋਰ ਵਿੱਚ ਨਵੇਂ ਬਾਲ ਦੀ ਆਮਦ ਦੇ ਦਿਨ ਗਿਣ ਰਹੀ ਹੈ। ਸ਼੍ਰੀ ਸਤਿਗੁਰੂ ਜੀ ਦੀ ਸ਼ੋਭਾ ਅਪਰੰਪਾਰ ਹੈ। ਜਿੱਧਰ ਨੇਤਰ ਕਰਦੇ ਹਨ ਮੇਲੇ ਲੱਗ ਤੁਰਦੇ ਹਨ। ਇਹ ਹੋਲੇ ਇਹ ਮੇਲੇ ਕੇਵਲ ਸ਼੍ਰੀ ਸਤਿਗੁਰੂ ਜੀ ਦੀ ਪਾਵਨ ਸ਼ਖਸ਼ੀਅਤ ਕਾਰਨ ਵਜੂਦ ਵਿੱਚ ਆਓਂਦੇ ਹਨ। ਸ਼ੋਭਾ ਪਾਉਂਦੇ ਹਨ। ਇਸ ਘੜੀ ਸਿਮ੍ਰਤੀ ਮੰਦਰ ਸਾਦਗੀ, ਸਹਿਜ, ਉਤਸਾਹ ਅਤੇ ਆਨੰਦ ਦਾ ਕੇਂਦਰ ਬਣਿਆ ਹੋਇਆ ਹੈ ਜਿਸ ਦਾ ਕਾਰਨ ਹਨ ਕੇਵਲ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ। ਮੰਚ ਉੱਤੇ ਝਾਤੀ ਮਾਰਿਆ ਸ਼੍ਰੀ ਸਤਿਗੁਰੂ ਜੀ ਦੇ ਪਿੱਛੇ ਨਾਲ ਕਰਕੇ ਬੈਠੇ ਹਨ ਮਹਾਰਾਜ ਜੀ, ਸ. ਬੇਅੰਤ ਸਿੰਘ ;ਸਾਬਕਾ ਕਾਂਗਰਸੀ ਮੰਤਰੀ, ਚੋਧਰੀ ਜਗਤ ਰਾਮ; ਕਾਂਗਰਸੀ ਮੰਤਰੀ ਅਤੇ ਹੋਰ ਇੱਜਤਦਾਰ ਵਿਅਕਤੀ ਆਦਿ। ਕਾਰਜਾਂ ਦੀ ਇਸ ਨਾਵੀਂ ਸੁਖਾਂਵੀ ਤੇ ਸਾਦਾ ਵਿਧੀ ਦਾ ਅਵਲੋਕਨ ਕਰ ਰਹੇ ਸਨ।

7.10 ਤੇ 34 ਜਵਾਨ ਮੁਟਿਆਰ ਜੋੜਿਆਂ ਨੂੰ ਸਿਮ੍ਰਤੀ ਮਾਰਗ ਵਿੱਚ ਸਾਂਝ ਦੀ ਪਰਮਾਣਿਕ ਪਰਵਾਨਗੀ ਮਿਲ ਗਈ ਹੈ। ਦੀਵਾਨ ਦੀ ਹਾਜਰੀ ਵਿੱਚ ਨਜਰ ਮਾਰਿਆਂ ਸਫੈਦ ਦਸਤਾਰਾਂ ਦੀ ਬਹੁਲਤਾ ਵਿੱਚ ਰੰਗਦਾਰ ਮਿਸ਼ਰਣ ਵੀ ਭਲਾ ਲੱਗਦਾ ਹੈ। ਇਸ ਦਾ ਮਤਲਬ ਹੈ ਕਿ ਗੈਰ ਨਾਮਧਾਰੀਆਂ ਵੀ ਸਾਡੇ ਹੋਲੇ ਵਿੱਚ ਵਿਸ਼ੇਸ਼ ਰੁਚੀ ਲਈ ਹੈ। ਸ. ਜਗਦੀਸ਼ ਸਿੰਘ ਵਰਿਆਮ ਮਾਈਕ ਸਾਹਵੇਂ ਆ ਕੇ ਦਸਦੇ ਹਨ ਕਿ ਨਾਮਧਾਰੀ ਵਿਦਿਅਕ ਜਥਿਆਂ ਦਾ 22ਵਾਂ ਸਰਬ ਹਿੰਦ ਸੰਮੇਲਨ ਨੂੰ ਦਿੱਲੀ ਦੇ ਉਤਸ਼ਾਹੀ ਨੌਜਵਾਨਾਂ ਨੇ ਅਮੰਤਰਿਤ ਕੀਤਾ ਹੈ ਅਤੇ ਇਹ ਪ੍ਰੋਗਰਾਮ ਦਿੱਲੀ ਕਰਨ ਦੀ ਮਨਜੂਰੀ ਮਿਲ ਗਈ ਹੈ। ਵਰਿਆਮ ਨੇ ਦਿੱਲੀ ਦੇ ਇਸ ਹੋਲੇ ਦੀ ਖੂਬਸੂਰਤੀ ਨੂੰ ਸੁਪ੍ਰਬੰਧ ਨੂੰ ਯਾਦ ਕੀਤਾ ਹੈ ਅਤੇ ਦੱਸਿਆ ਕਿ ਪਿਛਲਾ ਤੇ ਹੁਣ ਦਾ ਹੋਲਾ ਦਿੱਲੀ ਦੇ ਹੀ ਸਤਿਗੁਰੂ ਨਿਵਾਜੇ ਵਿਅਕਤੀਆਂ ਸ. ਹੰਸਪਾਲ ਜੀ ਅਤੇ ਮਨਚੰਦਾ ਜੀ ਨੇ ਕਰਵਾਇਆ ਹੈ। ਇਸ ਤਰ੍ਹਾਂ ਕਹਿ ਕੇ ਵਰਿਆਮ ਨੇ ਹੰਸਪਾਲ ਜੀ ਨੂੰ ਮਾਈਕ ਸਨਮੁਖ ਹੋਣ ਲਈ ਆਖਿਆ ਹੈ। ਹੰਸਪਾਲ ਜੀ ਨੇ ਸ. ਬਿਅੰਤ ਸਿੰਘ ਅਤੇ ਚੌਧਰੀ ਜਗਤਰਾਮ ਜੀ ਦੀ ਦੀਵਾਨ ਵਿੱਚ ਹਾਜਰੀ ਨੂੰ ਮਹਾਨਤਾ ਭਰੀ ਦੱਸਦਿਆਂ ਹੋਲੇ ਦੀ ਰਚਨਾ ਤੇ ਇਤਿਹਾਸ ਦੀ ਵਿਆਖਿਆ ਕੀਤੀ ਤੇ ਦੱਸਿਆ ਕਿ ਬੀਤੀ ਰਾਤੀਂ ਤਿੰਨੀ ਥਾਈਂ ਹੋਲੇ ਦੇ ਦੀਵਾਨਾਂ ਦਾ ਜਾਇਜਾਂ ਲੈਣ ਤੋਂ ਸੰਤੁਸ਼ਟਤਾ ਮਿਲੀ ਸੀ ਕਿ ਸਭ ਥਾਂ ਵਕਤਿਆਂ ਦੀ ਤਸੱਲੀ ਯੋਗ ਹਾਜਰੀ ਸੀ ਅਤੇ ਇੰਜ ਇੱਕੋ ਵਾਰ ਵਿੱਚ 24 ਜਥੇਦਾਰ ਵੀ ਭੁਗਤ ਗਏ। ਹੰਸਪਾਲ ਜੀ ਨੇ ਇਹ ਦੱਸਿਆ ਕਿ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਸਿਮ੍ਰਤੀ ਮੰਦਰ ਭਾਵੇਂ ਵੱਡਾ ਹੈ ਤਾਂ ਵੀ ਸਾਧ ਸੰਗਤ ਦੀ ਭਰਪੂਰ ਹਾਜ਼ਰੀ ਦੇ ਅਨੁਕੂਲ ਨਹੀਂ ਸੀ। ਇਹਨਾਂ ਕਾਰਜਾਂ ਲਈ ਇੱਕ ਹੋਰ ਹਾਲ ਉਸਾਰਿਆ ਜਾਵੇ ਜਿਸਦਾ ਘੇਰਾ 3 ਏਕੜ ਤੋਂ ਵੱਧ ਹੋਵੇ ਕਿਉਂਕਿ ਇਸ ਵਾਰ ਬਹੁਤ ਸੰਗਤ ਅੰਦਰ ਬੈਠ ਕੇ ਗੁਰੂ ਦਰਸ਼ਨ ਤੇ ਕੀਰਤਨ ਦਾ ਲਾਭ ਨਹੀਂ ਲੈ ਸਕੀ। ਵਕਤਾ ਨੇ 34 ਅਨੰਦ ਕਾਰਜ ਹੋਣ ਦੀ ਸੂਚਨਾ ਦਿੰਦਿਆਂ ਇਹ ਵੀ ਦੱਸਿਆ ਕਿ ਭਾਰਤ ਸਰਕਾਰ ਨੇ ਇੱਕ ਐਕਟ ਤਿਆਰ ਕਰਕੇ ਦਾਜ ਦੇ ਲੋਭੀਆਂ ਨੂੰ 7 ਸਾਲ ਦੀ ਸਜਾ ਦਾ ਕਾਰਾਵਾਸ ਬਿਤਾਉਣ ਦਾ ਦੰਡ ਨਿਸ਼ਚਿਤ ਕੀਤਾ ਹੈ।

ਉਹਨਾਂ ਨੂੰਹਾਂ ਸੱਸਾਂ ਦੇ ਝਗੜੇ ਨੂੰ ਨਿਰਾਰਥਕ ਦੱਸਦਿਆਂ ਸਮਝਾਇਆ ਕਿ ਜਦੋਂ ਹਰ ਨੂੰਹ ਨੇ ਸੱਸ ਬਣਨਾ ਹੈ ਤਾਂ ਸੱਸਾਂ ਪਹਿਲਾਂ ਨੂੰਹ ਰੂਪ ਵਿੱਚ ਫਿਰ ਸੱਸ ਰੂਪ ਵਿੱਚ ਚੰਗੀ ਪਿਰਤ ਕਿਉਂ ਨਾ ਪਾਉਣ ਤਾਂ ਕਿ ਹੌਲੀ-ਹੌਲੀ ਨੂੰਹ ਸੱਸ ਵਾਲੇ ਵਿਰੋਧ ਦੀ

ਭਾਵਨਾ ਹੀ ਖਤਮ ਹੋ ਜਾਵੇ। 15 ਮਿੰਟਾਂ ਦੀ ਇਸ ਤਕਰੀਰ ਪਿੱਛੋਂ ਹੰਸਪਾਲ ਜੀ ਨੇ ਸ. ਬਿਅੰਤ ਸਿੰਘ ਪ੍ਰਧਾਨ ਇੰਦਰਾ ਕਾਂਗਰਸ ਪੰਜਾਬ ਨੂੰ ਆਮੰਤ੍ਰਿਤ ਕੀਤਾ। 7.30 ਵਜੇ ਸ. ਬਿਅੰਤ ਸਿੰਘ ਦਾ ਸੰਬੋਧਨ ਜਾਰੀ ਹੋਇਆ ਹੈ। ਭਾਵ ਹੈ- ਅਸੀਂ ਬੜੇ ਖੁਸ਼ਕਿਸਮਤ ਹਾਂ ਕਿ ਅਸੀਂ ਅੱਜ ਦੇ ਦਿਨ ਇਸ ਪਾਵਨ ਦਿਹਾੜੇ ਤੇ ਆ ਕੇ ਸ੍ਰੀ ਸਤਿਗੁਰੂ ਜੀ ਅਤੇ ਸੰਗਤ ਦੇ ਦਰਸ਼ਨ ਕਰ ਸਕੇ। ਇਹ ਸੁਅਵਸਰ ਸਤਿਗੁਰੂ ਜੀ ਦੀ ਮਾਰਫਤ ਹੀ ਪ੍ਰਾਪਤ ਹੋਇਆ ਹੈ।

ਆਨੰਦਪੁਰ ਦਾ ਹੋਲਾ ਮਹੱਲਾ 16-17 ਮਾਰਚ ਨੂੰ ਹੋ ਚੁੱਕਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਸਲੀ ਮਾਅਨਿਆਂ ਵਿੱਚ ਇਨਸਾਨੀ ਜਾਤ ਦੇ ਮੁਜੱਸਮਾ ਸਨ। ਉਹ ਜੁਲਮਾਂ ਦੇ ਖਿਲਾਫ ਲੜੇ ਪ੍ਰੰਤੂ ਕਿਸੇ ਮਜਹਬ ਦੇ ਖਿਲਾਫ ਨਹੀਂ। ਮੁਸਲਮਾਨ ਜਾਬਰਾਂ ਨਾਲ ਲੜਾਈ ਵਿੱਚ ਉਨ੍ਹਾਂ ਦੇ ਸਹਾਇਕ ਮੁਸਲਮਾਨ ਖੁਦਾ ਪ੍ਰਸਤ ਸਨ। ਦਸਮ ਪਾਤਸ਼ਾਹ ਜੀ ਆਪਣੀ ਛਾਪ ਦੁਨੀਆਂ ਤੇ ਛੱਡ ਗਏ ਕੋਈ ਮਿਸਾਲ ਮਿਲਦੀ ਨਹੀਂ ਕਿ ਬੇਟਾ ਬਾਪ ਨੂੰ ਅਤੇ ਬਾਪ ਬੇਟਿਆ ਨੂੰ ਕਹੇ ਕਿ ਤੁਸੀਂ ਜਾ ਕੇ ਕੁਰਬਾਨੀ ਦਿਉ। ਸਤਿਗੁਰੂ ਰਾਮ ਸਿੰਘ ਜੀ ਨੇ ਵੀ ਕਲਗੀਧਰ ਜੀ ਦੇ ਨਕਸ਼ੇ ਕਦਮ ਤੇ ਚੱਲਕੇ ਵਿਖਾਇਆ ਹੈ। ਨਾਮਧਾਰੀ ਪੰਥ ਸ਼ਾਤੀ ਦਾ ਸੋਮਾ ਹੈ। ਮੇਰੀ ਪ੍ਰਾਰਥਨਾ ਹੈ ਕਿ ਨਵਾਂ ਹਾਲ ਤਿੰਨ ਏਕੜ ਦਾ ਨਹੀਂ 6 ਏਕੜ ਦਾ ਬਣਾਇਆ ਜਾਵੇ। ਸੁਖ ਸਾਂਤੀ ਦੇ ਲੋੜਵੰਦਾਂ ਦੀ ਏਥੇ ਹੀ ਅਮਨ ਦੀ ਭਾਲ ਲਈ ਆਉਣਾ ਹੈ। ਏਥੇ ਹੋਲਾ ਬੜੇ ਪ੍ਰੇਮ ਅਤੇ ਉਤਸ਼ਾਹ, ਸੇਵਾ ਅਤੇ ਸਤਿਕਾਰ ਪੂਰਵਕ ਮਨਾਇਆ ਜਾਂਦਾ ਹੈ। ਇਖਲਾਕੀ ਕੀਮਤਾਂ ਬਾਹਰ ਤਾਂ ਗਿਰ ਰਹੀਆਂ ਹਨ ਪਰ ਤੁਸਾਂ ਇੱਥੇ ਉੱਚੀਆਂ ਕਦਰਾ ਕਾਇਮ ਰੱਖਣੀਆਂ ਹਨ। ਹੰਸਪਾਲ ਜੀ ਨੇ ਐਂਟੀ ਡਾਉਰੀ (ਦਾਜ ਵਿਰੋਧੀ) ਐਕਟ ਬਣ ਜਾਣ ਦੀ ਗੱਲ ਕੀਤੀ ਹੈ। ਮੈਂ ਦੱਸਦਿਆਂ ਕਿ ਐਕਟਾਂ ਦੀ ਉਲੰਘਣਾ, ਚੋਰੀ ਤੇ ਧੱਕੇ ਇਹਨਾਂ ਦਾ ਮੁੱਲ ਨਹੀਂ ਰਹਿਣ ਦਿੰਦੇ ਪਰ ਜਿਹੜਾ ਐਕਟ ਏਥੇ ਬਣਦਾ ਹੈ ਉਹਦੀ ਕਿਤੇ ਹੋਰ ਮਿਸਾਲ ਨਹੀ। ਇੱਥੋਂ ਦੇ ਐਕਟ ਤਨੋਂ ਮਨੋਂ ਮੰਨੇ ਜਾਂਦੇ ਹਨ, ਐਕਟ ਦੀ ਪਾਲਣਾ ਤਾਂ ਲੋਕਾਂ ਨੇ ਹੀ ਕਰਨੀ ਹੁੰਦੀ ਹੈ। ਮੈਂ ਅੱਜ 34 ਵਿਵਾਹਤ ਜੋੜਿਆਂ ਨੂੰ ਮੁਬਾਰਕ ਦਿੰਦਾ ਹਾਂ। ਦੁਨੀਆਂ ਵਿੱਚ ਸਾਦਗੀ ਗੁਆਚਦੀ ਜਾਂਦੀ ਹੈ ਤੁਸਾਂ ਏਥੇ ਸਾਦਗੀ ਬਣਾਈ ਰੱਖੀ ਹੈ। ਸੱਸ ਤੇ ਨੂੰਹ ਦਾ ਰਿਸ਼ਤਾ ਜੋ ਸਤਿਗੁਰੂ ਜੀ ਪਾਸੋਂ ਸਮਝ ਕੇ ਜਾਣਗੀਆਂ, ਉਹ ਕਿਉਂ ਬੇਸੁਆਦ ਹੋਣਗੀਆਂ। ਦੁਨੀਆਂ ਛੋਟੀ ਹੋ ਗਈ ਹੈ। ਹਵਾਈ ਜਹਾਜਾਂ ਰੇਡੀਓ ਤੇ ਟੀ. ਵੀ. ਨੇ ਦੁਨੀਆਂ ਸੰਜੋੜ ਕੇ ਸਾਡੇ ਕਮਰਿਆਂ ਤੱਕ ਲੈ ਆਂਦੀ ਹੈ। ਅਮਰੀਕਾ, ਯੂਰਪ ਤੇ ਹੋਰ ਮੁਲਕਾਂ ਵਿੱਚ ਭਾਰਤੀ ਸੱਭਿਅਤਾ ਦਾ ਮੁੱਲ ਵਧਿਆ ਹੈ ਅਤੇ ਉਹ ਇਸ ਦੀ ਰੀਸ ਕਰਨਾ ਚਾਹ ਰਹੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦਾ ਧੰਨਵਾਦ ਹੈ ਕਿ ਉਹਨਾਂ ਨੇ ਕੀਰਤਨ ਨੂੰ ਜੀਵੰਤ ਰੱਖਿਆ ਹੈ ਜਿਸ ਨਾਲ ਸਾਡੀਆਂ ਰੂਹਾਂ ਨਰਮ ਹੋ ਜਾਂਦੀਆ ਹਨ। ਇੱਥੋਂ ਦੇ ਦੀਵਾਨਾਂ ਵਿੱਚ ਸਦਾ ਹੀ ਸ਼ਾਂਤੀ ਮਿਲਦੀ ਹੈ। ਇਸ ਵੇਲੇ ਫਿਰ ਏਹੋ ਅਰਦਾਸ ਹੈ ਕਿ "ਜਗਤ ਜਲੰਦਾ ਰੱਖ ਲੈ ਆਪਣੀ ਕਿਰਪਾ ਧਾਰਿ" ਪੰਜਾਬ ਇਸ ਵੇਲੇ ਸੜ ਰਿਹਾ ਹੈ। ਇਸਦੀ ਬਾਹੁੜੀ ਸੁਣੋ। ਦੇਸ਼ ਦੇ ਸੂਬਿਆਂ ਤੇ ਦੇਸ਼ਾਂ ਵਿੱਚ ਜਾ ਕੇ ਸਿੱਖਾਂ ਨੇ ਮਿਹਨਤ ਕਰਕੇ ਉੱਨਤੀ ਅਤੇ ਤਰੱਕੀ ਕੀਤੀ ਹੈ। ਮੈਂ ਇਹ ਉਮੀਦ ਕਰਦਾਂ ਹਾਂ ਕਿ ਛੇਤੀ ਹੀ ਉਹ ਦਿਨ ਆਉਣਗੇ ਜਦੋਂ ਸਾਰੇ ਪੰਜਾਬੀ ਦੇਸ ਦੀ ਮੁਖ ਵਿਚਾਰਧਾਰਾ ਨਾਲ ਚੱਲਣਗੇ। 7.45 ਹੋਏ ਤਾਂ ਵਜੀਰ ਸਾਹਿਬ ਬੈਠ ਗਏ। ਹੁਣ ਮਾਈਕ ਸ਼੍ਰੀ ਸਤਿਗੁਰੂ ਜੀ ਦੇ ਸਾਮ੍ਹਣੇ ਲੈ ਆਂਦਾ ਗਿਆ। ਹਾਲ ਵਿੱਚ ਇੱਕ ਦਮ ਸੰਨਾਟਾ ਛਾ ਗਿਆ। ਸ਼੍ਰੀ ਸਤਿਗੁਰੂ ਜੀ ਨੇ ਮੰਗਲਾਚਾਰ ਕੀਤੀ ਅਤੇ ਸਤਿਗੁਰੂਆਂ ਨੂੰ ਨਿੱਤ ਵਾਂਗ ਧੰਨ ਅਖਵਾਕੇ ਪਾਵਨ ਉਪਦੇਸ਼ ਦੀ ਕਿਰਪਾ ਕੀਤੀ। ਉਸਦਾ ਸੰਖੇਪ-

ਹੰਸਪਾਲ ਜੀ ਦੇ ਇੱਕ ਕਥਨ ਤੇ ਤੁਸੀਂ ਸਾਰੇ ਹੱਸ ਪਏ, ਹੱਸਿਆ ਉਦੋਂ ਕਰੋ ਜਦੋਂ ਕੋਈ ਅ-ਮਰਿਆਦਤ ਗੱਲ ਹੋ ਜਾਵੇ। ਬੱਚੇ ਬੱਚੀਆਂ ਦਾ ਕੋਈ ਦੋਸ਼ ਨਹੀਂ ਹੁੰਦਾ, ਮਾਤਾ ਪਿਤਾ ਹੀ ਗਲਤ ਸਿੱਖਿਆ ਦਿੰਦੇ ਹਨ ਦਾਜ ਦੇ ਮੰਗਣ ਤੇ ਲੈਣ ਦੀ। ਹੰਸਪਾਲ ਜੀ ਨੇ ਠੀਕ ਕਿਹਾ ਹੈ ਕਿ ਅੱਜ ਜੋ ਨੂੰਹ ਹੈ ਉਹ ਕੱਲ੍ਹ ਨੂੰ ਸੱਸ ਬਣੇਗੀ ਤਾਂ ਹੁਣ ਸੱਸ ਕਿਉਂ ਦੁਖੀ ਕਰੇ ਤੇ ਅੱਜ ਸੱਸ ਉਸਨੂੰ ਕਿਉਂ ਪਰੇਸ਼ਾਨ ਕਰੇ। ਮੈਂ ਕੱਲ ਕਿਹਾ ਸੀ ਤੇ ਅੱਜ ਵੀ ਚੇਤਾ ਕਰਵਾਂਦਾ ਹਾਂ- ਵਰਨਾ ਵਰਨ ਨ ਭਾਵਨੀ ਖਹਿ ਖਹਿ ਸੜਨ ਵਾਂਗ ਅੰਗਿਆਰਾ। ਜੇ ਅਸੀਂ ਈਰਖਾ ਰਹਿਤ ਹੋ ਕੇ ਸੁੱਖ ਸਾਂਤੀ ਨਾਲ ਰਹਾਂਗੇ ਤਾਂ ਕੱਲ੍ਹ ਨੂੰ ਇਤਿਹਾਸ ਵਿੱਚ ਸੁੱਖ ਸਾਂਤੀ ਦੇ ਖੇਤਰ ਵਾਲਿਆਂ ਦੇ ਤੌਰ ਤੇ ਜਾਣੇ ਜਾਵਾਂਗੇ। ਏਥੇ ਆ ਕੇ ਭਜਨ ਬੰਦਗੀ ਕਰਿਆ ਕਰੋ। ਗੱਲਾਂ ਗੱਪਾਂ ਮਾਰਨਾ ਦੀਵਾਨ ਵਿੱਚ ਸੋਭਾ ਨਹੀਂ ਦਿੰਦਾ। ਸਤਿਗੁਰੂ ਰਾਮ ਸਿੰਘ ਜੀ ਬਚਨ ਕਰਿਆ ਕਰਦੇ ਸਨ- 'ਹਾਜਰ, ਗੈਰ ਹਾਜਰ; ਗੈਰ ਹਾਜ਼ਰ , ਹਾਜਰ' ਦਾ ਅਰਥ ਹੈ ਕਿ ਜੇ ਅਸੀਂ ਏਥੇ ਆ ਕੇ ਵੀ ਭਜਨ ਬੰਦਗੀ ਨਾ ਕਰੀਏ, ਦੀਵਾਨ ਨਾ ਸੁਣੀਏ ਤਾਂ ਗੈਰ ਹਾਜ਼ਰ, ਹਾਜ਼ਰ ਹੁੰਦਿਆਂ ਵੀ। ਪਰ ਜੋ ਇੱਥੇ ਆ ਨਹੀਂ ਸਕੇ ਪਰ ਮਨ ਕਰਕੇ ਇੱਥੇ ਆਉਣਾ ਚਿਤਵਦੇ ਹਨ ਉਹ ਹਾਜਰ ਹਨ। ਅਸਲ ਗੱਲ ਇਹ ਹੈ ਕਿ ਤੁਸੀਂ ਮਨ ਕਰਕੇ ਕਿੱਥੇ ਹੋ। ਅੱਸੂ ਦਾ ਮੇਲਾ ਸ਼੍ਰੀ ਭੈਣੀ ਸਾਹਿਬ ਹੋਵੇਗਾ। ਹੋਲੇ ਬਾਰੇ ਅਜੇ ਨਹੀਂ ਦੱਸਣਾ। ਇਹ ਅੱਸੂ ਦੇ ਮੇਲੇ ਤੇ ਦੱਸਾਂਗੇ। ਸਾਰੀ

ਸੰਗਤ ਪ੍ਰਤੀ ਵਿਅਕਤੀ ਇੱਕ ਘੰਟਾ ਨਾਮ ਸਿਮਰਨ ਜਰੂਰ ਕਰੇ ਅਤੇ ਪ੍ਰਤੀ ਪਰਵਾਰ ਹਰ ਮਹੀਨੇ ਇੱਕ ਪਾਠ ਆਦਿ ਬਾਣੀ ਦਾ ਜਰੂਰ ਹੋਵੇ। ਸ੍ਰੀ ਸਤਿਗੁਰੂ ਜੀ ਦੇ ਬਚਨਾਂ ਦੀ ਸਮਾਪਤੀ 7.55 ਤੋਂ ਹੋ ਗਈ। ਹੁਣ ਭੋਗਾਂ ਦੇ ਸਲੋਕ ਪੜ੍ਹੇ ਜਾਣ ਲੱਗੇ ਹਨ। ਸਾਰਾ ਮਾਹੌਲ ਸਾਂਤ- ਸੁਖਦ ਅਤੇ ਚਿੱਤ- ਆਕਰਸ਼ਕ। ਇਸ ਮੌਕੇ ਮੰਚ ਵੀ ਸੰਘਣਾ ਹੋਇਆ ਪਿਆ ਹੈ। ਸਟੇਜ ਦੇ ਦੋਹੀਂ ਪਾਸੀਂ ਵੀ ਸੰਗਤ ਭਰਪੂਰ ਹੈ ਅਤੇ ਲੰਬੇ ਚੋੜੇ ਵਿਸ਼ਾਲ ਹਾਲ ਵਿੱਚ ਤਿਲ ਧਰਨ ਨੂੰ ਥਾਂ ਨਹੀਂ। ਸੰਗਤ ਦੋਗੁਣੀ ਹਾਲ ਤੋਂ ਬਾਹਰ ਜਾਪਦੀ ਹੈ।ਆਦਿ ਤੋਂ ਬਾਅਦ ਦਸਮ ਗ੍ਰੰਥ ਦੀਆਂ ਹਿਕਾਯਤਾਂ ਦਾ ਪਾਠ ਹੋਣ ਲੱਗ ਪਿਆ ਹੈ। 8:15 ਤੇ ਸੰਤ ਮਹਿੰਦਰ ਸਿੰਘ ਪੂਰਬਾ ਦੁਆਰਾ ਹੋਲੇ ਦੀ ਸਮਾਪਤੀ ਦੀ ਅਰਦਾਸ ਹੋ ਗਈ ਹੈ। ਪਾਠਾਂ ਦੇ ਭੋਗ ਇਸ ਪ੍ਰਕਾਰ ਹਨ-65 ਪਾਠਾਂ ਦੇ ਭੋਗ 34 ਜੋੜੇ ਅਨੰਦ ਕਾਰਜ ਵਾਲਿਆਂ ਵਲੋਂ 55 ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ, 10 ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ, 10 ਵਰਤਮਾਨ ਸਤਿਗੁਰੂ ਜੀ ਦੀ ਦੇਹ ਅਰੋਗਤਾ ਲਈ, 4 ਪ੍ਰਾਣੀਆਂ ਦੀ ਗਤੀ ਵਾਸਤੇ, 4 ਦਸਮ ਗ੍ਰੰਥ ਦੇ ਭੋਗ।

ਅਰਦਾਸ ਉਪਰੰਤ ਨਵ ਵਿਵਾਹਤ ਜੋੜਿਆ ਨੂੰ ਕੜਾਹ ਪ੍ਰਸ਼ਾਦ ਦੇ ਕੇ ਕਾਰਜ ਸਮਾਪਤੀ। ਬੱਚੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਨਮਸਕਾਰ ਹਿਤ ਆਏ।ਉਪਰੰਤ ਸ੍ਰੀ ਸਤਿਗੁਰੂ ਜੀ ਕੋਠੀ ਪਧਾਰੇ। ਹੋਲੀ ਹੋਲੀ ਸਿਮ੍ਰਤੀ ਹਾਲ ਵਿਹਲਾ ਹੋ ਗਿਆ। ਲੁਧਿਆਣੇ ਦੇ ਜਥੇ ਦੀ ਡੇਰਿਆਂ ਦੇ ਪ੍ਰਬੰਧ ਸੰਬੰਧੀ ਹੁਣ ਵੱਖਰੀ ਤਰਾਂ ਦੀ ਤੇਜੀ ਸੀ। ਸਵੇਰੇ ਪੰਜ ਵਜੇ ਹੀ ਉਹਨਾਂ ਬਿਸਤਰੇ ਅਤੇ ਲੀੜੇ ਇਕੱਠੇ ਕਰਨ ਲਈ ਟੀਮਾਂ ਭੇਜ ਦਿੱਤੀਆਂ। ਮੇਰੇ ਕਮਰੇ ਵਿੱਚ ਵੀ ਚਾਰ ਆਏ ਤੇ ਪੰਜ ਵਾਰੀ ਪੁਛਗਿੱਛ ਕੀਤੀ ਗਈ ਕਿ ਮੈਨੂੰ ਦਿੱਤੇ ਗਏ ਕੰਬਲ ਕਿੱਥੇ ਗਏ? ਜ਼ਿੰਮੇਵਾਰੀ ਵਲੋਂ ਲੁਧਿਆਣੇ ਦੀ ਸੰਗਤ ਕਾਫੀ ਚੌਕਸ ਸੀ। ਸਾਧ ਸੰਗਤ ਜਾਂਦੀ ਜਾਂਦੀ ਸਤਿਗੁਰੂ ਜੀ ਨੂੰ ਨਮਸਕਾਰ ਕਰ ਰਹੀ ਸੀ। ਦੀਵਾਨ ਵਿੱਚ ਇੱਕ ਘਟਨਾ ਮੈਨੂੰ ਬਾਅਦ ਵਿੱਚ ਯਾਦ ਆਈ ਕਿ ਸੰਤ ਖਾਲਸਾ ਦਲ (ਰਜਿਸਟਰਡ) ਮਾਤਾ ਗੁਜਰੀ ਸਰਾਇ, ਸੰਤ ਬਾਬਾ ਬਲਵੰਤ ਸਿੰਘ ਜੀ ਮਹਾਰਾਜ ਵਲੋਂ ਸਤਿਗੁਰੂ ਜੀ ਦੇ ਸਤਿਕਾਰ ਹਿਤ ਪੰਜ ਪਿਆਰਿਆਂ ਦੇ ਰੂਪ ਵਿੱਚ ਪੰਜ ਸਿੰਘ ਭੇਜੇ ਗਏ ਹਨ। ਇਹਨਾਂ ਸਫੈਦ ਬਸਤਰ ਧਾਰੀ ਪੰਜ ਸੱਜਣਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਚਮਕਦੀਆਂ ਤਾਰਾਂ ਵਾਲੇ ਪੰਜ ਹਾਰ ਗਲੇ ਪਹਿਨਾਏ। ਸਤਿਗੁਰੂ ਜੀ ਨੇ ਪਿਆਰ ਸਹਿਤ ਇਹ ਅਭਿਨੰਦਨ ਸਵਿਕਾਰ ਕੀਤਾ। ਅੱਜ ਦੀਆਂ ਸ਼ਾਦੀਆਂ ਵਿੱਚ ਸਾਡੇ ਮਿੱਤਰ ਡਾ ਅਜਮੇਰ ਸਿੰਘ ਜਲੰਧਰ ਵਾਲੇ ਦਾ ਵੀ ਅਨੰਦ ਕਾਰਜ ਹੋਇਆ। ਸੰਤ ਅਮਰ ਸਿੰਘ ਜੀ ਬੀਬੀ ਅਜੀਤ ਕੌਰ ਡਾਲਟਨ ਗੰਜ ਦੇ ਇੱਕ ਬੱਚੇ ਦੀ ਸ਼ਾਦੀ ਵੀ ਹੋਈ। ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਅਗਲੇ ਸਫ਼ਰ ਲਈ ਤਿਆਰ ਸਨ। ਆਪ ਭੋਗ ਪਾਉਂਦਿਆਂ ਸ੍ਰੀ ਭੈਣੀ ਸਾਹਿਬ ਆ ਗਏ।

**19 ਮਾਰਚ, 1987 ਸ਼ੁੱਕਰਵਾਰ**

**ਨਵੀਂ ਦਿੱਲੀ**

ਮੈਂ ਆਪਣੀ ਪਤਨੀ ਤੇ ਦੋਹਤੀ ਸਰਬਜੀਤ ਨਾਲ ਕੱਲ ਰਾਤ ਮੋਹਾਲੀ ਹਮਰਾਹੀ ਪਰਿਵਾਰ ਵਿੱਚ ਆ ਗਿਆ। ਪ੍ਰੋਗਰਾਮ ਅਨੁਸਾਰ 22.3. 1987 ਨੂੰ ਦਿੱਲੀ ਪਤਨੀ ਤੇ ਦੋਹਤੀ ਸਮੇਤ ਜਾਣਾ ਸੀ। ਮੈਨੂੰ 21 ਮਾਰਚ ਦੇ ਸੰਗਤ ਕਨਸਰਟ ਦੀ ਸੂਚਨਾ ਨਹੀਂ ਸੀ। ਪਤਾ ਲੱਗ ਜਾਣ ਕਰਕੇ ਮੈਂ ਪਤਨੀ ਨੂੰ ਧੀ ਕੋਲ ਹੀ 2 ਦਿਨ ਰਹਿਣ ਲਈ ਛੱਡ ਦਿੱਤਾ। ਦੁਹਤੀ ਨੂੰ ਨਾਲ ਲੇ ਕੇ 2 ਕੁ ਵਜੇ ਤੱਕ ਮੈਂ ਦਿੱਲੀ ਪਹੁੰਚ ਗਿਆ। ਸ੍ਰੀ ਸਤਿਗੁਰੂ ਜੀ ਬਾਰੇ ਪਤਾ ਲੱਗਾ ਕਿ ਆਪ ਜੀ ਸ੍ਰੀ ਭੈਣੀ ਸਾਹਿਬੋਂ ਜੀਵਨ ਨਗਰ ਪਧਾਰੇ ਸਨ, ਉੱਥੋਂ 5.45 ਤੇ ਦਿੱਲੀ ਵਾਸਤੇ ਚੱਲੇ। ਸੰਤ ਤਰਸੇਮ ਸਿੰਘ ਜੀ ਦੇ ਦੱਸਣ ਅਨੁਸਾਰ 10.30 ਤੇ ਪੁੱਜੇ। ਸ਼ਾਮ ਨੂੰ ਦੀਵਾਨ ਰਮੇਸ਼ ਨਗਰ ਹੈ। ਮੇਰੇ ਕੋਲ ਪਿਆ ਟੈਲੀਫ਼ੋਨ ਟਰਨ ਟਰਨ ਕਰ ਉੱਠਿਆ, ਚੁੱਕਿਆ ਤਾਂ ਹੈਰਾਨੀ ਦੀ ਹੱਦ ਨਾ ਰਹੀ। ਪੰਜਾਬ ਦੇ ਮਾਣ. ਦੇਸ਼ ਭਗਤ ਤੇ ਨਵੀਂ ਕੁਟੀਆ ਦੇ ਜਨਮ ਦਾਤਾ ਸ. ਮੁਨਤਾ ਸਿੰਘ ਦੀ ਪੁੱਤਰੀ ਬਲਰਾਜ ਯੂ. ਕੇ. ਤੋਂ ਬੋਲ ਰਹੀ ਸੀ। ਉਸਨੂੰ ਇੱਕ ਦੁਖਾਂਤ ਦੇ ਅਧੀਨ ਅਚਾਨਕ ਇੱਕ ਭਾਰਤ ਯਾਤਰਾ ਕਰਨੀ ਪੈ ਰਹੀ ਸੀ।13 ਮਾਰਚ ਨੂੰ ਗੁਰਾਇਆ ਦੇ ਲਾਗੇ c.r.p.f. ਵਾਲਿਆਂ ਦੀ ਗੋਲੀ ਨਾਲ ਬਲਰਾਜ ਦਾ ਭਤੀਜਾ ਰਾਮੇਸ਼ਵਰਰਾਜ ਸਿੰਘ ਸਪੁੱਤਰ ਕਵੀਰਾਜ ਸਿੰਘ ਮਾਰਿਆ ਗਿਆ ਹੈ। ਇਹ ਅਫ਼ਸੋਸ ਜਨਕ ਮੋਕੇ ਸਮੇਂ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਹ ਆਈ ਸੀ। ਸਵਰਗਵਾਸੀ ਜਵਾਨ ਦਾ ਪਿਤਾ ਆਬੂਧਾਬੀ ਤੋ ਉਡਕੇ ਗੋਗਈ ਪੁੱਜਾ ਸੀ। ਬੀਬੀ ਨੇ ਦੀਵਾਨ ਦਾ ਸਮਾਂ ਸਥਾਨ ਦੱਸਿਆ ਤੇ ਮੈਂ ਸਤਿਗੁਰੂ ਜੀ ਦੇ ਚਰਨ ਪਰਸਨ ਤੇ ਦੁਖੀ ਪੁੱਤਰੀ ਨੂੰ ਮਿਲਣ 5.30 ਤੇ ਰਮੇਸ਼ ਨਗਰ ਧਰਮਸ਼ਾਲਾ ਪੁੱਜਾ।

**ਚਲਦਾ...**



# ਅੱਖੀਂ ਡਿੱਠਾ ਕਿੱਸਾ ਕੀਤਾ

**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਜਿਸ ਤਰ੍ਹਾਂ ਕ੍ਰਿਸ਼ਨ ਭਗਵਾਨ ਦੇ ਪੈਦਾ ਹੋਣ ਤੇ ਕੰਸ ਨੂੰ ਡਰ ਪੈ ਗਿਆ ਸੀ ਇਵੇਂ ਜਦੋਂ ਮਹਾਰਾਜੇ ਪਟਿਆਲੇ ਨੂੰ ਵੈਸਾਖੀ ਦੀ ਸਾਰੀ ਗੱਲ ਉਸਦੇ ਅਹਿਲਕਾਰਾਂ ਦੱਸੀ ਤਾਂ ਉਹ ਵੀ ਨਾਮਧਾਰੀ ਪੰਥ ਨਾਲ ਜੋ ਵਧੀਕੀਆਂ ਉਹਨੇ ਤੇ ਉਹਦੇ ਪਰਿਵਾਰ ਨੇ ਕੀਤੀਆਂ ਸਨ, ਹੁਣ ਉਹਨਾਂ ਤੋਂ ਭੈਭੀਤ ਹੋ ਗਿਆ ਸੀ। ਰਿਆਸਤਾਂ ਦੀ ਨਾਮਧਾਰੀ ਸੰਗਤ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲ, ਰਾਜਿਆਂ ਦੀਆਂ ਸਖ਼ਤੀਆਂ ਦੇ ਦੌਰ ਵਿਚੋਂ ਹੁਣ ਬਾਹਰ ਨਿਕਲ ਆਈ ਸੀ।

**ਤੇਰਾ ਦਰਸ਼ਨ ਮੇਲਾ**

ਡੇਰੇ ਭੈਣੀ ਸਾਹਿਬ ਦਰਸ਼ਨ ਦੇ ਕੇ ਸਤਿਗੁਰੂ ਜੀ ਨਹਿਰ ’ਤੇ ਚਲੇ ਗਏ ਅਤੇ ਉਥੇ ਫਿਰ ਪਹਿਲਾਂ ਦੀ ਤਰ੍ਹਾਂ ਵਿਹਾਰ ਸ਼ੁਰੂ ਕਰ ਦਿਤਾ। ਰੋਜ਼ ਅਖਾੜੇ ਵਿਚ ਜੋਰ ਕਰਨਾ, ਨਥਾਣੀਏ ਹਰਨਾਮ ਸਿੰਘ ਨਾਲ ਗੱਤਕਾ ਖੇਡਣਾ। ਇਸ ਹਰਨਾਮ ਸਿੰਘ ਨਾਲ ਸਤਿਗੁਰੂ ਜੀ ਦਾ ਐਨਾ ਨੇੜ ਸੀ ਕਿ ਇਕ ਦਿਨ ਨਥਾਣੀਆਂ ਕਿਤੇ ਨਾ ਦਿਸਿਆ। ਵੇਖਿਆ ਤਾਂ ਤਬੇਲੇ ਵਿਚ ਇਕ ਖੁਰਲੀ ਵਿਚ ਲੰਮਾ ਪਿਆ ਸੀ। ਸਤਿਗੁਰੂ ਜੀ ਵੀ ਇਹਦੇ ਨਾਲ ਜਾ ਕੇ ਖੁਰਲੀ ਵਿਚ ਹੀ ਬਿਰਾਜ ਗਏ ਸਨ। ਫਿਰ ਉਹ ਦਿਨ ਵੀ ਅਸਾਂ ਵੇਖੇ ਜਦੋਂ ਨਥਾਣੀਏ ਨੇ ਸਿੰਘ ਲੱਭਦੇ ਫਿਰਨਾ ਕਿ ਕੋਈ ਸਿੰਘ ਮੈਨੂੰ ਬਖ਼ਸ਼ਾਉਣ ਦੀ ਸਤਿਗੁਰਾਂ ਪਾਸ ਅਰਜ਼ ਕਰੇ। ਸਮੇਂ ਸਮੇਂ ਦੀਆਂ ਖੇਡਾਂ ਹਨ। ਸਮਾਂ ਸਭ ਤੋਂ ਪ੍ਰਬਲ ਹੈ। ਸਤਿਗੁਰੂ ਜੀ ਰੋਜ਼ ਆਪਣਾ ਨਿੱਤਨੇਮ ਪੂਰਾ ਕਰਕੇ, ਚਾਲ੍ਹੀਆ ਸਦਾ ਜਿਉਂ ਕੱਟਿਆ।

ਭਾਦਰੋਂ ਦੇ ਵਿੱਚ ਤੱਖਰਾਂ ਦਾ ਮੇਲਾ ਲੱਗਦਾ ਹੁੰਦਾ ਸੀ। ਇੱਕ ਉਦਾਸੀ ਸਾਧ ਇਹ ਮੇਲਾ ਕਰਾਉਂਦਾ ਸੀ। ਭਲਵਾਨਾਂ ਦੇ ਘੋਲ ਵੀ ਹੁੰਦੇ ਸਨ। ਨਹਿਰ ਤੋਂ ਵੀ ਸਭ ਸਰੀਰ ਮੇਲਾ ਵੇਖਣ ਚਲੇ ਗਏ। ਮੈਂ ਮਾਲ ਚਾਰਦਾ ਸਾਂ, ਸੋ ਮੈਂ ਨਾ ਜਾ ਸਕਿਆ। ਇਕੱਲਾ ਸਰੀਰ ਡੇਰੇ ਦਾ ਉਸ ਦਿਨ ਸ਼ਾਇਦ ਮੈਂ ਹੀ ਉਥੇ ਰਹਿ ਗਿਆ ਹੋਵਾਂਗਾ, ਇੱਕ ਅੱਧ ਹਜ਼ੂਰੀ ਸਿੰਘ ਤੋਂ ਬਿਨਾਂ। ਏਨੇ ਨੂੰ ਮੈਂ ਕੀ ਵੇਖਦਾ ਹਾਂ ਕਿ ਸਤਿਗੁਰੂ ਜੀ ਖੂੰਡਾ ਫੜੀ ਮੇਰੇ ਪਾਸ ਆ ਗਏ ਅਤੇ ਮੈਨੂੰ ਕਹਿਣ ਲੱਗੇ ਕਿ ਮਾਲ ਹੁਣ ਮੈਂ ਚਾਰਾਂਗਾ। ਸਾਰੇ ਚਲੇ ਗਏ ਹਨ ਮੇਲਾ ਵੇਖਣ ਅਤੇ ਤੂੰ ਵੀ ਜਾਹ ਤੱਖਰਾਂ ਦਾ ਮੇਲਾ ਵੇਖ ਆ। ” ਮੈਂ ਅਰਜ਼ ਕੀਤੀ ਕਿ ਇਥੇ ਜਿੱਥੇ ਤੁਹਾਡਾ ਦਰਸ਼ਨ ਹੋ ਰਿਹਾ ਹੈ, ਇਸ ਤੋਂ ਵੱਡਾ ਹੋਰ ਕਿਹੜਾ ਮੇਲਾ ਹੋ ਸਕਦਾ ਹੈ। ਫੁਰਮਾਇਆ ਕਿ ਅਸੀਂ ਸੋਚਿਆ ਸੀ ਕਿ ਗੁਰਮੁਖ ਇਹ ਨਾ ਆਖੇ ਪਈ ਮੇਰਾ ਏਥੇ ਕੋਈ ਨਹੀਂ। ਮੈਂ ਤਾਂ ਆਇਆ ਸਾਂ ਨਾਲੇ ਤੂੰ ਅਜੇ ਬੱਚਾ ਹੈਂ। ਬੱਚਿਆਂ ਨੂੰ ਮੇਲੇ ਦਾ ਚਾਅ ਹੁੰਦਾ ਹੈ। ਫਿਰ ਸ਼ਾਮ ਹੋਣ ਤਕ ਗੁਰੂ ਜੀ ਮੇਰੇ ਨਾਲ ਹੀ ਮਾਲ ਚਾਰਦੇ ਰਹੇ। ਸ਼ਾਮੀਂ ਹਨੇਰਾ ਪੈਣ ਤੇ ਹੀ ਅਸੀਂ ਮਾਲ ਲੈ ਕੇ ਡੇਰੇ ਤੇ ਅੱਪੜੇ ਸਾਂ।

ਸਤਿਗੁਰੂ ਜੀ ਓਦੋਂ ਨਿਰਾ ਮਾਲ ਹੀ ਨਹੀਂ ਸਨ ਚਾਰਦੇ, ਮਹੰਤ ਕੌਲਾ ਸਿੰਘ ਹੋਰਾਂ ਨਾਲ ਜਾ ਕੇ ਗੱਭਰੂ ਅਵਸਥਾ ਵਿਚ ਹਲ ਵੀ ਵਾਹਿਆ ਕਰਦੇ ਸਨ। ਗੁਰਦੁਆਰੇ ਭੈਣੀ ਸਾਹਿਬ ਲੰਗਰ ਦਾ ਜਲ ਵੀ ਭਰਦੇ ਸਨ। ਸਿੰਘਾਂ ਨਾਲ ਰਲ ਕੇ ਲੱਕੜਾਂ ਵੀ ਪਾੜਦੇ ਸਨ।

**ਬੱਕਰੀਆਂ ਚਾਰਨ ਲਾਇਆ:**

ਇਕ ਦਿਨ ਨਹਿਰ 'ਤੇ ਛੇੜੂਆਂ ਦੀ ਗਲਤੀ ਨਾਲ ਰਾਖਵਾਂ ਘਾਹ ਉਹਨਾਂ ਕੋਲੋਂ ਮਾਲ ਛੱਡ ਕੇ ਉਜਾੜਿਆ ਗਿਆ। ਛੇੜੂ ਸਨ: 1. ਜੰਗ ਸਿੰਘ ਬਿਲਗਾ, 2. ਕਿਸ਼ਨ ਸਿੰਘ, 3 . ਸ਼ਰਮ ਸਿੰਘ ਕੰਨੂ ਅਤੇ ਚੌਥਾ ਮੈਂ (ਗੁਰਮੁਖ ਸਿੰਘ ਝੱਬਰ)। ਜਦੋਂ ਘਾਹ ਉਜਾੜਨ ਬਾਰੇ ਸਤਿਗੁਰੂ ਜੀ ਨੂੰ ਪਤਾ ਲੱਗਾ ਉਹਨਾਂ ਦੋ-ਦੋ ਤਿੰਨ ਤਿੰਨ ਚੁਪੇੜਾਂ ਛੇੜੂਆਂ ਨੂੰ ਮਾਰੀਆਂ। ਮੈਂ ਮਾਲ ਮੋੜਨ ਗਿਆ ਸਾਂ

ਇਸ ਲਈ ਮੇਰਾ ਬਚਾਅ ਹੋ ਗਿਆ। ਇਕ ਦਿਨ ਫਿਰ ਮੇਰੇ ਪਾਸੋਂ ਇਕ ਗਲਤੀ ਹੋ ਗਈ। ਬਾਬੇ ਵੀਰ ਸਿੰਘ ਚੁੰਨ੍ਹੀ ਵਾਲਿਆਂ ਮੈਨੂੰ ਕਿਸੇ ਗੱਲੋਂ ਹਟਾਇਆ। ਮੈਂ ਉਹਨਾਂ ਨੂੰ ਦੋ ਤਿੰਨ ਗਾਹਲਾਂ ਕੱਢ ਦਿਤੀਆਂ। ਸਤਿਗੁਰੂ ਜੀ ਨੂੰ ਖ਼ਬਰ ਹੋਈ। ਫੁਰਮਾਇਆ, 'ਹੈ ਤਾਂ ਤੂੰ ਸਜ਼ਾ ਦੇ ਲਾਇਕ। ਆਪਣੇ ਤੋਂ ਵੱਡਿਆਂ ਨੂੰ ਗਾਲ੍ਹਾਂ ਨਹੀਂ ਕੱਢੀਦੀਆਂ। ਪਰ ਤੈਨੂੰ ਮਾਰਦੇ ਨਹੀਂ। ਪਰ ਮੈਂ ਹੁਣ ਤੈਨੂੰ ਇਹਨਾਂ ਬੋਲੀਆਂ ਵਿਚ ਨਹੀਂ ਰਹਿਣ ਦੇਣਾ। ਤੂੰ ਹੁਣ ਭੈਣੀ ਸਾਹਿਬ ਜਾ ਕੇ ਬੱਕਰੀਆਂ ਚਾਰਿਆ ਕਰ। ਮੈਂ ਹੁਣ ਬੱਕਰੀਆਂ ਚਾਰਨ ਲੱਗ ਪਿਆ ਸਾਂ ਅਤੇ ਸਤਿਗੁਰੂ ਜੀ ਵੀ ਆਪਣਾ ਨਿਤਨੇਮ ਕਰਕੇ ਗੁਰਦੁਆਰੇ ਆ ਗਏ। ਅੱਗੋਂ ਅੱਸੂ ਦੇ ਮਹੀਨੇ ਮਹਾਰਾਜ ਨਿਹਾਲ ਸਿੰਘ ਹੋਰਾਂ ਦੇ ਅਨੰਦ ਦੀਆਂ ਖ਼ੁਸ਼ੀਆਂ ਡੇਰੇ ਭੈਣੀ ਸਾਹਿਬ ਆ ਗਈਆਂ।

**ਅਨੰਦ ਕਾਰਜ ਮਹਾਰਾਜ ਨਿਹਾਲ ਸਿੰਘ ਜੀ ਬਿਕ੍ਰਮੀ 1971, ਅੱਸੂ**

ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਅਤੇ ਤਾਰੀਖ਼ ਮਿਥੀ ਗਈ। ਕੁੱਲ ਜ਼ਿਲ੍ਹਿਆਂ, ਰਿਆਸਤਾਂ ਵਿਚੋਂ ਸੰਗਤਾਂ ਹੁਮ ਹੁਮਾ ਕੇ ਆ ਗਈਆਂ ਸਤਿਗੁਰੂ ਜੀ ਦਾ ਦਰਸ਼ਨ ਕਰਨ। ਮਾਤਾ ਜੀ ਦੋਹਾਂ ਨੂੰ ਵਧਾਈਆਂ ਮਿਲਣ ਲੱਗ ਪਈਆਂ। ਲੰਮੀ ਮੁੱਦਤ ਬਾਅਦ ਗੁਰੂ ਘਰ ਵਿਚ ਖੁਸ਼ੀ ਦਾ ਮੌਕਾ ਆਇਆ ਸੀ। ਉਂਝ ਤੇ ਏਥੇ 'ਸਦਾ ਦੀਵਾਲੀ ਸਾਧ ਦੀ ਅੱਠੇ ਪਹਿਰ ਬਸੰਤ ਵਾਲੀ ਹਾਲਤ ਰਹਿੰਦੀ ਹੈ। ਮਹਾਰਾਜ ਨਿਹਾਲ ਸਿੰਘ ਜੀ ਤੇ ਮਹਾਰਾਜ ਗੁਰਦਿਆਲ ਸਿੰਘ ਜੀ ਦੌਰੇ ਨਾਲ ਘੱਟ ਜਾਂਦੇ ਸਨ। ਇਹ ਮੇਲੇ ਮੁਸਾਬਿਆਂ 'ਤੇ ਹੀ ਜਾਂਦੇ ਸਨ ਅਤੇ ਜ਼ਿਆਦਾ ਸਮਾਂ ਡੇਰੇ ਦਾ ਕਾਰ ਵਿਹਾਰ ਹੀ ਕਰਵਾਉਂਦੇ ਸਨ। ਮਹਾਰਾਜ ਗੁਰਦਿਆਲ ਸਿੰਘ ਜੀ ਮਾਸਟਰ ਗੁਰਬਖਸ਼ ਸਿੰਘ ਜੀ ਨੂੰ ਘਰ ਸੱਦ ਕੇ ਉਹਨਾਂ ਤੋਂ ਅੰਗ੍ਰੇਜ਼ੀ ਪੜ੍ਹਦੇ ਸਨ।

ਹੁਣ ਜੰਞ ਦੀ ਚੜ੍ਹਾਈ ਦੀ ਸ਼ਾਮ ਨੂੰ ਲੌਢੇ ਵੇਲੇ ਤਿਆਰੀ ਕੀਤੀ ਗਈ। ਦੋ ਬੱਘੀਆਂ ਡੇਰੇ ਦੀਆਂ ਸਨ। ਉਹਨਾਂ ਨੂੰ ਦੋਵੇਂ ਕੁੱਲੀਆਂ ਘੋੜੀਆਂ ਜੋੜ ਕੇ ਤਿਆਰ ਕੀਤਾ। ਦੋ ਬੱਘੀਆਂ ਲੱਧੜਾਂ ਵਾਲੇ ਸਰਦਾਰਾਂ ਦੀਆਂ ਮੰਗਵਾਈਆਂ ਗਈਆਂ। ਕੁਝ ਤਾਂਗੇ ਕਿਰਾਏ 'ਤੇ ਲੈ ਆਂਦੇ ਗਏ। ਚਾਰੇ ਗੱਡੇ ਘਰ ਦੇ ਤਿਆਰ ਹੋ ਗਏ। ਸਭ ਸਾਮਾਨ ਤਿਆਰ ਹੋ ਗਿਆ। ਸਭ ਸੰਗਤਾਂ ਡੇਰਿਉਂ ਬਾਹਰ ਨਿਕਲ ਕੇ ਅਰਦਾਸ ਕਰਨ ਲੱਗੀਆਂ।

ਇਸੇ ਸਮੇਂ ਮੈਂ ਬਾਹਰੋਂ ਆਪਣੀਆਂ ਬੱਕਰੀਆਂ ਚਾਰ ਕੇ ਡੇਰੇ ਨੂੰ ਵਾਪਸ ਆ ਰਿਹਾ ਸਾਂ। ਸਤਿਗੁਰੂ ਜੀ ਨੇ ਹੁਕਮ ਕੀਤਾ, "ਗੁਰਮੁਖਾ। ਵਿਆਹ ਵੇਖਣ ਚੱਲੀਏ।" ਮੈਂ ਅਰਜ਼ ਕੀਤੀ, "ਜੀ ਬੱਕਰੀਆਂ ਕੀਹਨੂੰ ਸੰਭਾਲਾਂ ?" ਸਤਿਗੁਰੂ ਜੀ ਨੇ ਉਦੋਂ ਹੀ ਗੁੱਜਰਾਂ ਨੂੰ ਸੱਦਿਆ, ਪਿੰਡ ਵਿਚ ਹੀ ਰਹਿੰਦੇ ਸਨ ਅਤੇ ਬੱਕਰੀਆਂ ਉਹਨਾਂ ਨੂੰ ਵੇਚ ਦਿੱਤੀਆਂ। ਮੈਨੂੰ ਸਤਿਗੁਰੂ ਜੀ ਆਪਣੇ ਨਾਲ ਹੀ ਲੈ ਗਏ ਅਤੇ ਸਾਰੀ ਸੰਗਤ ਵੀ ਲੁਧਿਆਣੇ ਪੁੱਜ ਗਈ। ਰਸਤੇ ਵਿਚ ਮਹੰਤ ਕੌਲਾ ਸਿੰਘ ਹੋਰਾਂ ਦੇ ਗੱਡੇ ਦੇ ਬਲਦ ਗੱਡੇ ਨੂੰ ਕੁੱਲ ਬੱਘੀਆਂ, ਤਾਂਗਿਆਂ ਦੇ ਅੱਗੇ ਕੱਢ ਕੇ ਲੈ ਗਏ। ਪਸ਼ੂਆਂ ਨੂੰ ਵੀ ਪਤਾ ਸੀ ਡੇਰੇ ਦਿਆਂ ਨੂੰ ਕਿ ਅੱਜ ਉਹਨਾਂ ਦੇ ਪਰਿਵਾਰ ਵਿਚ ਖ਼ੁਸ਼ੀਆਂ ਮਨਾਈਆਂ ਜਾ ਰਹੀਆਂ ਹਨ। ਸਿਰਫ਼ ਸਤਿਗੁਰਾਂ ਦੀ ਬੱਘੀ ਹੀ ਮਹੰਤ ਹੋਰਾਂ ਦੇ ਗੱਡੇ ਤੋਂ ਅੱਗੇ ਰਹੀ। ਮਹੰਤ ਜੀ ਬਲਦਾਂ ਨਾਲ ਬੜਾ ਪਿਆਰ ਕਰਦੇ ਸਨ। ਉਹਨਾਂ ਬਲਦਾਂ ਦੇ ਨਾਂ ਵੀ (ਜੋ ਪਿੰਡਾਂ ਦੇ ਨਾਵਾਂ 'ਤੇ ਸਨ,ਜਿੱਥੋਂ ਉਹ ਆਏ ਸਨ) ਮੈਂ ਲਿਖਾ ਦਿੰਦਾ ਹਾਂ। ਵੱਡਾ ਬਲਦ ਲੂਲੋਂ ਵਾਲਾ, ਸਾਵਾ ਮੁਠੱਡਿਆਂ ਵਾਲਾ, ਡੂੰਗਾ ਮੋਟੀ ਪੂਛ ਵਾਲਾ ਚੱਕ ਵਾਲਾ। ਲਾਟੋ ਤੋਂ 13 ਮੀਲ ਲੁਧਿਆਣਾ ਹੈ। ਇਹ 13 ਮੀਲ ਘੋੜਿਆਂ ਦੇ ਨਾਲ ਹੀ ਉਹ ਬਲਦ ਗਏ।

ਉੱਥੋਂ ਰਾਤ ਦੀ 12 ਵਜੇ ਵਾਲੀ ਗੱਡੀ ਚੜ੍ਹ ਕੇ ਅਗਲੇ ਦਿਨ ਦੋ ਵਜੇ ਬਾਅਦ ਦੁਪਹਿਰ ਲਾਹੌਰ ਪੁੱਜ ਗਏ। ਅੱਗੇ ਧਿਆਨ ਸਿੰਘ ਪੱਥਰ ਘਾੜੇ ਨੇ ਸਭ ਇੰਤਜ਼ਾਮ ਕੀਤਾ ਸੀ, ਜਿਹਨਾਂ ਦੇ ਘਰ ਮਹਾਰਾਜ ਨਿਹਾਲ ਸਿੰਘ ਹੋਰੀਂ ਢੁੱਕੇ ਸਨ। ਗੱਡੀ ਤੋਂ ਉਤਰ ਕੇ ਜਲ ਪਾਣੀ ਛਕ ਕੇ, ਬਸਤਰ ਬਦਲ ਕੇ, ਸੰਗਤਾ ਗੁਰੂ ਜੀ ਅਤੇ ਉਹਨਾਂ ਦੇ ਦੋਹਾਂ ਭਰਾਵਾਂ ਸਮੇਤ ਸੁਭਾਇਮਾਨ ਹੋ ਰਹੀਆਂ ਸਨ। ਤਿੰਨਾਂ ਭਰਾਵਾਂ ਦੇ ਚਰਨੀਂ ਪੋਠੋਹਾਰੀ ਜੋੜੇ, ਚੋਗੇ ਪਸ਼ਮੀਨੇ ਦੇ ਕੱਢਵੇਂ, ਸੀਸ ਤੇ ਰੇਸ਼ਮੀ ਦਸਤਾਰੇ, ਗਲਾਂ ਵਿਚ ਉੱਨ ਦੀਆਂ ਮਾਲਾਵਾਂ, ਤਿੰਨੇ ਭਰਾ ਇਉਂ ਪ੍ਰਤੀਤ ਹੁੰਦੇ ਜਿਵੇਂ ਬ੍ਰਹਮਾ, ਬਿਸ਼ਨੂੰ ਤੇ ਮਹੇਸ਼ ਦੇਵਤਿਆਂ ਦੇ ਦਰਬਾਰ ਵਿਚ ਸੋਭਾ ਪਾ ਰਹੇ ਹਨ। ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੇ ਜਿਹੜੇ ਸਰੀਰ ਜਾਂਞੀ ਸਨ, ਉਹਨਾਂ ਦੇ ਨਾਂ ਇਹ ਹਨ:

1. ਗੋਧਾ ਸਿੰਘ ਪਿੰਡ ਅਬਲੂ। ਸਤਿਗੁਰੂ ਜੀ ਦਾ ਮਾਮਾ ਲੱਗਦਾ ਸੀ। ਰਿਸ਼ਤੇਦਾਰੀ ਵਿਚੋਂ ਮਾਈਂ ਜੀ ਦਾ ਭਰਾ ਸੀ। ਵਜ਼ਨ 6 ਮਣ ਪੱਕਾ ਸੀ।

2 . ਮਹੰਤ ਗੁਰਦਿਤ ਸਿੰਘ ਜਿਸ ਪ੍ਰਦੇਸ ਜਾਣ ਸਮੇਂ ਗੁਰੂ ਰਾਮ ਸਿੰਘ ਜੀ ਨੂੰ ਗੱਡੇ ਵਿਚ ਬਹਾਕੇ ਖੜਿਆ ਸੀ ਡੇਰੇ ਭੈਣੀ ਸਾਹਿਬ ਤੋਂ ਲੁਧਿਆਣੇ ਤੱਕ।

3 . ਹੀਰਾ ਸਿੰਘ ਟਿੱਕਾ ਮੂੰਡੀਆ

4. ਮਹੰਤ ਸੇਵਾ ਸਿੰਘ ਸਧਾਰੀ ਮਾਜਰਾ (ਅੰਬਾਲਾ)
5 . ਹਰਨਾਮ ਸਿੰਘ ਗੁਣਗੁਣੀਆ
6 . ਹਰਨਾਮ ਸਿੰਘ ਨਥਾਣੀਆ
7. ਮਿਹਰ ਸਿੰਘ ਲੋਪੋਕੇ, ਅੰਮ੍ਰਿਤਸਰ ਵਾਲੇ ਸ਼ਹੀਦਾਂ ਸਿੰਘਾਂ ਦਾ ਸਾਥੀ ਸੀ, ਭਗੌੜਾ ਹੋ ਕੇ ਸਰਕਾਰ ਦਾ, ਬਾਕੀ ਉਮਰ ਡੇਰੇ ਕੱਟੀ
8. ਭਾਈ ਵਸਾਖਾ ਸਿੰਘ, ਲੁਹਾਰਾ ਕੰਮ ਕਰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਸੀ ਜਿਸ ਸੌ ਸਿੰਘ ਦੇ ਦਰਸ਼ਨ ਕਰਨੇ ਹੋਣ, ਉਹ 'ਕੱਲੇ ਵਿਸਾਖਾ ਸਿੰਘ ਦੇ ਹੀ ਕਰ ਲਵੇ।
9. ਹੀਰਾ ਸਿੰਘ, ਕਾਰੀਗਰ ਸਿੰਘ ਸੀ
10. ਵਸਾਵਾ ਸਿੰਘ ਘੁਮਿਆਰ ਸਿੰਘ ਸੀ
11. ਆਲਾ ਸਿੰਘ ਦਾਲਮ
12. ਚੇਤ ਸਿੰਘ ਆਸਲਾਂ (ਅੰਮ੍ਰਿਤਸਰ)
13. ਸੁਹੇਲ ਸਿੰਘ ਬਿਲਗਾ
14. ਬਾਬਾ ਵੀਰ ਸਿੰਘ ਭੋਮੇ ਵਡਾਲੀਆ
15. ਬਾਬਾ ਸੰਤਾ ਸਿੰਘ ਘੁੱਕੇਵਾਲੀਆ
16. ਬਾਬਾ ਬੂਟਾ ਸਿੰਘ ਲਾਖਣਾ
17. ਬਾਬਾ ਥੰਮਣ ਸਿੰਘ, ਲੰਗਰ ਦਾ ਜਲ ਭਰਦੇ ਸਨ ਅਤੇ ਵਾੜਿਆਂ ਦੀ ਵਾੜ ਕਰਿਆ ਕਰਦੇ ਸਨ।
18. ਰਾਮਪੁਰੀਆ ਵੀਰ ਸਿੰਘ ਜਹਾਨ। ਇਹ ਇਕੱਲਾ ਹੀ 40 ਗਊਆਂ ਸਾਂਭਦਾ ਸੀ। ਕੁਝ ਸਮਾਂ ਬਾਦ ਵਿਚ ਰਾਈਆਂ ਵਾਲੇ ਮੁਕੱਦਮੇ ਵਿਚ ਡੇਰੇ ਵਲੋਂ ਮੁਖਤਿਆਰ ਵੀ ਰਿਹਾ ਸੀ। ਸਤਿਗੁਰ ਪਰਤਾਪ ਸਿੰਘ, ਸਤਿਗੁਰ ਜਗਜੀਤ ਸਿੰਘ ਦੇ ਨਿੱਜੀ ਸਕੱਤਰ ਸੰਤ ਗੁਰਦੇਵ ਸਿੰਘ ਮਾਂਗਟ ਦਾ ਤਾਇਆ।
19. ਰਾਘੋ ਸਿੰਘ ਲਾਂਗਰੀ
20. ਕੰਧਾਰਾ ਸਿੰਘ ਲਾਂਗਰੀ
21. ਜਿਊਣ ਸਿੰਘ ਝੱਬਰ - ਮੇਰਾ ਪਿਤਾ

ਇਹ ਇੱਕੀ ਸਿੰਘ ਸਤਿਗੁਰੂ ਜੀ ਦੀ ਅਰਦਲ ਵਿਚ ਹੀ ਭੈਣੀ ਸਾਹਿਬਾਂ ਇਸ ਅਨੰਦ ਵਿਚ ਸ਼ਾਮਲ ਹੋਣ ਆਏ ਸਨ। ਹੁਣ ਮੈਂ ਉਸ ਸਮੇਂ ਦੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਜਥੇ ਵਿਚ ਸ਼ਾਮਲ ਸਿੰਘਾਂ ਦੇ ਨਾਂ ਦੱਸਦਾ ਹਾਂ:

1.ਭਾਈ ਵਜ਼ੀਰ ਸਿੰਘ
2. ਲਾਲ ਸਿੰਘ ਬੱਲੂਆਣੀਆ
3. ਮਾਘਾ ਸਿੰਘ ਅਲੌੜੀਆ
4. ਹਰਨਾਮ ਸਿੰਘ ਪੱਖੋਂ
5 . ਹਰਨਾਮ ਸਿੰਘ ਦੇਊ ਨਥਾਣੀਆ, ਜਿਸ ਨਾਲ ਹਜ਼ੂਰ ਦੀ ਗੂਹੜੀ ਪ੍ਰੀਤ ਹੁੰਦੀ ਸੀ।
6. ਕਿਸ਼ਨ ਸਿੰਘ ਕੱਟੀ ਭੂਰੇ ਗਿੱਲ

ਜਿਹੜੀਆਂ ਸੰਗਤਾਂ ਆਪਣੇ ਨਗਰਾਂ ਵਿਚੋਂ ਆ ਕੇ ਇਸ ਅਨੰਦ ਕਾਰਜ ਵਿਚ ਸ਼ਾਮਲ ਹੋਈਆਂ। ਉਹਨਾਂ ਦੇ ਨਾਉਂ ਇਹ ਹਨ :

1. ਸੱਦੋ ਵਾਲੀਆ ਸਾਉਣ ਸਿੰਘ ਸਫੈਦਪੋਸ਼ 2. ਸਾਉਣ ਸਿੰਘ ਜ਼ੈਲਦਾਰ ਰੱਤਾ ਚੋਆ
3 . ਸ. ਕਿਰਪਾਲ ਸਿੰਘ ਨੁਸ਼ਹਿਰੀਆ
4. ਸੰਤ ਜਵੰਦ ਸਿੰਘ ਜਿੰਦਾ ਸ਼ਹੀਦ' ਖਿਆਲਾ (ਅੰਮ੍ਰਿਤਸਰ)
5. ਸ. ਦਿਆਲ ਸਿੰਘ ਥਰਾਜੀਆ, ਸਤਿਗੁਰੂ ਜੀ ਦੇ ਮਾਮੇ ਦਾ ਪੁੱਤਰ
6. ਸੂਬਾ ਲਾਲ ਸਿੰਘ ਢਿੱਲਵਾਂ ਵਾਲਾ
7. ਸੂਬਾ ਬਿਸ਼ਨ ਸਿੰਘ ਭਦੌੜ

**ਚਲਦਾ.....**

# Living Sustainably: Simple Steps for Everyone to Build a Greener Earth



**Prabjot Kaur**

**Introduction: What is Sustainability Anyway?**

Imagine if your actions today could ensure a brighter future for generations to come. That's the essence of sustainability. It's about making choices that meet our needs without compromising the ability of future generations to meet theirs. Think of it as a recipe for a better world, where environmental, social, and economic well-being go hand in hand.

**Why Should You Care?**

Your Daily Habits Matter: Ever stopped to think about where your morning coffee cup ends up after you toss it? Or how the clothes you wear are made? These everyday choices add up and can have a big impact on the planet. From the food you eat to the way you commute; each decision presents an opportunity to support sustainability.

**It's About Your Health and Happiness:** Picture a world with cleaner air, fresher water, and thriving ecosystems. By embracing sustainability, we not only protect the environment but also safeguard our own well-being. Whether it's enjoying a hike in a green park or savoring locally grown produce, sustainable living can enhance your quality of life.

**Economic Benefits:** Contrary to popular belief, sustainability isn't just about saving trees or hugging polar bears (although that's important too!). It's also about building a robust economy that works for everyone. By supporting businesses that prioritize sustainability, you're contributing to job creation, innovation, and long-term prosperity.

**Real-Life Examples: Where We're Falling Short**

**1. Plastic Pollution:** Ever noticed plastic bottles floating in rivers or plastic bags littering the streets? Despite efforts to recycle, much of our plastic waste ends up in landfills or oceans, harming marine life and polluting ecosystems.

**2. Climate Change:** From extreme weather events to rising sea levels, the signs of climate change are all around us. Our reliance on fossil fuels for energy and transportation is fueling this crisis, threatening the very existence of life as we know it.

**3. Food Waste:** Did you know that roughly one-third of all food produced globally goes to waste? Whether it's leftovers tossed in the trash or perfectly edible produce rejected for cosmetic reasons, food waste not only

squanders precious resources but also contributes to greenhouse gas emissions.

**Major Organizations and Their Goals**

**1. United Nations (UN)**

Goal: Achieve the 17 Sustainable Development Goals (SDGs) by 2030.

Key Focus: Eradicating poverty, reducing inequality, combating climate change, ensuring quality education and clean water, and promoting sustainable economic growth.

Real-time Example: Despite global efforts, millions still lack access to clean water and sanitation. In regions like sub-Saharan Africa, water scarcity exacerbates poverty and hinders development, emphasizing the urgent need for sustainable water management.

**2. World Wildlife Fund (WWF)**

Goal: Halt and reverse the degradation of the environment by 2030.

Key Focus: Protecting endangered species, preserving habitats, and promoting sustainable practices in agriculture, forestry, and fisheries.

Real-time Example: The loss of biodiversity threatens ecosystems worldwide. The decline of coral reefs, such as Australia's Great Barrier Reef, due to coral bleaching caused by rising sea temperatures, underscores the urgent need for conservation efforts.

**3. Greenpeace**

Goal: Achieve 100% renewable energy worldwide by 2050.

Key Focus: Reducing pollution, promoting renewable energy, and protecting forests and oceans from industrial exploitation.

Real-time Example: The Amazon rainforest, often called the "lungs of the Earth," faces deforestation for agricultural expansion and logging. This not only contributes to biodiversity loss but also accelerates climate change by releasing carbon stored in trees.

**4. The Nature Conservancy**

Goal: Protect 30% of the world's lands and waters by 2030.

Key Focus: Conserving critical lands and waters, addressing climate change, and supporting sustainable food and water supplies.

Real-time Example: Land degradation and desertification threaten food security and livelihoods in regions like the Sahel. Sustainable land management practices, such as reforestation and soil conservation, are essential for mitigating these challenges.

**5. Global Reporting Initiative (GRI)**

Goal: Improve the transparency and accountability of organizational sustainability performance.

Key Focus: Providing frameworks for sustainability reporting to help organizations measure and disclose their impacts on the environment, society, and economy.

Real-time Example: Despite increasing corporate sustainability reporting, greenwashing remains prevalent. Companies may exaggerate their environmental efforts without implementing meaningful change, highlighting the importance of transparent and accountable reporting.

**Corporate Initiatives**

**6. Microsoft**

Goal: Be carbon negative by 2030 and remove all historical carbon emissions by 2050.

Key Focus: Reducing carbon emissions across operations and supply chain, investing in carbon removal technologies, and adopting renewable energy sources.

Real-time Example: Despite commitments to carbon neutrality, many tech companies continue to rely on fossil fuels to power data centers. Transitioning to renewable energy sources is crucial for achieving carbon neutrality and combating climate change.

**7. Google**

Goal: Operate on 100% carbon-free energy by 2030.

Key Focus: Investing in renewable energy, improving energy efficiency, and promoting sustainable practices across its operations.

**8. Apple**

Goal: Become carbon neutral across its entire business and manufacturing supply chain by 2030.

Key Focus: Reducing carbon emissions, using recycled materials, and investing in renewable energy.

**How You Can Make a Difference**

· **Reduce, Reuse, Recycle:** It's a mantra you've heard before, but it's worth repeating. Cut down on single-use plastics, opt for reusable alternatives, and recycle whenever possible. Small changes in your daily routine can have a big impact.

· **Choose Sustainable Products**: When shopping for groceries or household items, look for eco-friendly options. Support brands that use recycled materials, practice fair labor standards, and prioritize environmental stewardship.

· **Conserve Energy:** Turn off lights when you leave a room, unplug electronics when they're not in use, and consider investing in energy-efficient appliances. By reducing your energy consumption, you'll not only save money but also reduce your carbon footprint.

· **Support Local Farmers and Businesses:** Buy locally grown produce, support farmers markets, and patronize businesses that prioritize sustainability. Not only does this reduce carbon emissions from transportation, but it also strengthens your community's economy.

· **Get Involved:** Join community clean-up efforts, participate in environmental advocacy campaigns, and engage with local policymakers. By working together, we can drive meaningful change and create a more sustainable future for all.

**The Role of AI in Sustainability**

Artificial Intelligence (AI) is increasingly becoming a powerful tool in advancing sustainability efforts across various sectors. Here's how AI is impacting sustainability:

1. **Energy Management**

· **Smart Grids:** AI helps optimize energy distribution and consumption through smart grids, which adjust energy flow in real-time based on demand, reducing waste and

improving efficiency.

· **Renewable Energy:** AI improves the efficiency of renewable energy sources like solar and wind by predicting weather patterns and optimizing the performance of energy systems.

2. **Climate Change Mitigation**

· **Climate Modeling:** AI algorithms analyze vast amounts of data to create more accurate climate models, helping scientists understand and predict climate change impacts and develop mitigation strategies.

· **Carbon Footprint Reduction:** AI can optimize industrial processes to minimize energy consumption and reduce carbon emissions, contributing to more sustainable production practices.

3. **Agriculture**

· **Precision Farming:** AI-driven tools like drones and sensors monitor crop health, soil conditions, and weather patterns, allowing farmers to use resources more efficiently and increase yields with less environmental impact.

· **Sustainable Practices:** AI helps in planning and managing sustainable agricultural practices, reducing the use of harmful pesticides and fertilizers.

4. **Waste Management**

· **Recycling Optimization:** AI technologies sort and process waste more efficiently, improving recycling rates and reducing the amount of waste sent to landfills.

· **Waste Reduction:** AI analyzes consumption patterns and identifies ways to reduce waste in production and supply chains.

5. **Water Management**

· **Efficient Usage**: AI systems monitor and manage water resources, ensuring efficient use and reducing waste, which is crucial for areas facing water scarcity.

· **Pollution Control:** AI helps detect and address water pollution by monitoring water quality and identifying sources of contamination.

6. **Urban Planning**

· **Smart Cities:** AI enables the development of smart cities that use data and technology to improve urban living conditions, reduce resource consumption, and enhance overall sustainability.

· **Traffic Management:** AI-driven traffic management systems reduce congestion, lower emissions, and improve public transportation efficiency.

**What We Can Do as a Community**

Communities play a crucial role in promoting and achieving sustainability goals. Here are some actions we can take:

· **Reduce, Reuse, Recycle:** Practice waste reduction by recycling materials, reusing items, and minimizing waste. Support local recycling programs and composting initiatives.

· **Energy Conservation:** Reduce energy consumption by using energy-efficient appliances, turning off lights and electronics when not in use, and supporting renewable energy sources.

· **Water Conservation:** Use water wisely by fixing leaks, installing water-efficient fixtures, and reducing water waste in daily

activities. Support local water conservation projects.

· **Sustainable Transportation:** Use public transportation, carpool, bike, or walk to reduce carbon emissions. Support the development of public transit and bike-friendly infrastructure.

· **Support Local and Sustainable Businesses:** Buy from local farmers, artisans, and businesses that practice sustainability. This reduces carbon footprints and supports the local economy.

· **Community Gardening and Urban Farming:** Participate in or start community gardens and urban farms to promote local food production, reduce food miles, and build community resilience.

· **Education and Advocacy:** Educate yourself and others about sustainability issues and advocate for policies that promote environmental protection, social equity, and economic sustainability.

· **Participate in Community Clean-ups:** Join or organize local clean-up events to remove litter and pollutants from natural areas, parks, and urban spaces.

· Support Renewable Energy Projects: Advocate for and invest in community-based renewable energy projects like solar and wind farms to reduce dependence on fossil fuels.

· **Engage in Local Governance:** Get involved in local government decisions that impact sustainability. Support initiatives and leaders who prioritize sustainable development.

**Why Sustainability is Important**

· **Combating Climate Change:** By reducing greenhouse gas emissions and promoting renewable energy, sustainability efforts help mitigate the impacts of climate change, which poses a significant threat to global ecosystems and human health.

· **Resource Efficiency:** Sustainable practices ensure that resources are used efficiently, reducing waste and preserving essential materials for future use. This is vital in a world with growing populations and finite resources.

· **Social Well-being:** Ensuring that development meets the needs of all people, particularly the most vulnerable, helps to build more equitable societies. Access to clean water, nutritious food, and clean air are fundamental to quality of life.

· **Economic Resilience:** Sustainable economies are more resilient to shocks such as natural disasters or market fluctuations. By diversifying energy sources and promoting local economies, sustainability supports long-term economic stability.

**Conclusion: It Starts with You**

Sustainability isn't just a buzzword, it's a mindset. By making conscious choices in your everyday life, you have the power to shape a more sustainable future for yourself, your community, and the planet. Whether it's saying no to single-use plastics, supporting local farmers, or advocating for climate action, every action counts. Together, let's build a world where people and the planet thrive in harmony.

.......................................................

# ਕਾਵਿ–ਕਿਆਰੀ

## ਸਿਆਸਤ ਦੇਸ਼ ਦੀ ਛਾਤੀ ਤੇ

ਸਿਆਸਤ ਦੇਸ਼ ਦੀ ਛਾਤੀ ਤੇ ਮੂੰਗੀ ਦਲ ਰਹੀ ਹੈ,
ਤੇ ਗੁਰਬਤ ਟੁੱਕੜਿਆਂ ਦੀ ਆਸ ਵਿੱਚ ਵਿਆਕੁਲ ਖੜ੍ਹੀ ਹੈ।

ਓ ਹਿਰਨੋ ਭੋਲਿਓ ਕਿੱਧਰ ਨੂੰ ਹਫਦੇ ਜਾ ਰਹੇ ਹੋ,
ਉਹ ਕੇਵਲ ਰੇਤ ਹੈ ਜੋ ਪਾਣੀ ਵਾਂਗੂ ਲਿਸ਼ਕਦੀ ਹੈ।

ਉਹ ਜਿਹੜੇ ਛਾਂਗ ਕੇ ਹੋਰਾਂ ਨੂੰ ਉੱਚੇ ਹੋ ਗਏ ਨੇ,
ਜ਼ਮਾਨੇ ਵਿੱਚ ਉਹਨਾਂ ਲੋਕਾਂ ਦੀ ਤੂਤੀ ਬੋਲਦੀ ਹੈ।

ਇਹ ਦਹਿਸ਼ਤ ਦਾ ਹਨੇਰਾ ਉਫ ਇਹ ਪਾਗਲਪਨ ਦਾ ਆਲਮ,
ਕਟਹਿਰੇ ਵਿੱਚ ਨੇ ਦੀਵੇ ਚਾਨਣਾਂ ਨੂੰ ਹੱਥਕੜੀ ਹੈ।

ਸ਼ਰਾਅ ਦੀ ਆੜ ਲੈ ਕੇ ਜੋ ਸਿਤਮ ਦਾ ਪੱਖ ਪੂਰਨ,
ਲੋਕਾਈ ਐਸੇ ਬਦਨੀਤਾਂ ਨੂੰ ਹੁਣ ਪਹਿਚਾਣਦੀ ਹੈ।

ਓ ਲੋਕੋ ਆਉ ਪੀਪੇ ਥਾਲੀਆਂ ਖੜਕਾਉ ਆ ਕੇ,
ਸਿਆਸੀ ਆਹਣ ਆਪਣੇ ਖੇਤਾਂ ਤੀਕਰ ਆ ਗਈ ਹੈ।

.......................................................

## ਨੇਰ੍ਹਿਆਂ ਨੂੰ ਚੀਰਦੀ ਸ਼ਮਸ਼ੀਰ

ਨੇਰ੍ਹਿਆਂ ਨੂੰ ਚੀਰਦੀ ਸ਼ਮਸ਼ੀਰ ਬਾਰੇ ਸੋਚਦਾ,
ਉੱਠ ਪਿਆ ਉਹ ਖਾਬ ਦੀ ਤਾਬੀਰ ਬਾਰੇ ਸੋਚਦਾ।

ਸੱਚ ਦਾ ਚਿਹਰਾ ਜਿਹਨਾਂ ਨੇ ਵੇਖਿਆ, ਪਥਰਾ ਗਏ,
ਖਿੜ ਗਿਆ ਉਹ ਇੱਕ ਨਦੀ ਦੇ ਨੀਰ ਬਾਰੇ ਸੋਚਦਾ।

ਦੂਜਿਆਂ ਦੇ ਪੈਰ ਵੱਢਣ ਵਿੱਚ ਹੀ ਸਭ ਮਸਰੂਫ ਸਨ,
ਕੌਣ ਤੇਰੇ ਪੈਰ ਦੀ ਜ਼ੰਜੀਰ ਬਾਰੇ ਸੋਚਦਾ।

ਅੱਗ ਵਿੱਚ ਲੂਹ ਕੇ ਫਨਾਹ ਕੀਤਾ ਗਿਆ ਉਸ ਫੁੱਲ ਨੂੰ,
ਕੁੱਝ ਦਿਨਾਂ ਤੋਂ ਸੀ ਬਹੁਤ ਕਸ਼ਮੀਰ ਬਾਰੇ ਸੋਚਦਾ।

ਸਾਵਿਆਂ ਪੱਤਿਆਂ 'ਤੇ ਸੀ ਜੋ ਖੂਨ ਸੰਗ ਉੱਕਰੀ ਹੋਈ,
ਕਾਸ਼ ! ਉਹ ਰੰਗਬਾਜ਼ ਉਸ ਤਹਿਰੀਰ ਬਾਰੇ ਸੋਚਦਾ।

ਇਸ ਕਦਰ ਪੇਚੀਦਾ ਨਾ ਹੁੰਦਾ ਜੇ ਮਸਲਾ ਤਖਤ ਦਾ,
ਸ਼ਾਇਦ ਰਾਜਾ ਮੁਲਕ ਦੀ ਤਾਮੀਰ ਬਾਰੇ ਸੋਚਦਾ।

.......................................................

## ਮੇਰੇ ਖੰਭਾਂ 'ਚ ਏਨੀ ਕੁ ਪਰਵਾਜ਼ ਹੈ

ਮੇਰੇ ਖੰਭਾਂ 'ਚ ਏਨੀ ਕੁ ਪਰਵਾਜ਼ ਹੈ
ਜੇ ਮੈਂ ਚਾਹਾਂ ਤਾਂ ਅੰਬਰ ਵੀ ਸਰ ਕਰ ਲਵਾਂ
ਇਹ ਨਾ ਸਮਝੀਂ ਕਿ ਉੱਡਣਾ ਨਹੀਂ ਜਾਣਦੀ
ਤੇਰੇ ਕਦਮਾਂ 'ਚ ਜੇ ਬਸਰ ਕਰ ਲਵਾਂ

ਕੌਣ ਕਹਿੰਦਾ ਹੈ ਝੱਖੜਾਂ ਤੋਂ ਡਰ ਜਾਵਾਂਗੀ
ਕੌਣ ਕਹਿੰਦਾ ਹੈ ਬੇਮੌਤ ਮਰ ਜਾਵਾਂਗੀ
ਜੇ ਮੈਂ ਚਾਹਾਂ ਤਾਂ ਚੰਨ ਮੇਰਾ ਗਹਿਣਾ ਬਣੇ
ਜੇ ਮੈਂ ਚਾਹਾਂ ਤਾਂ ਸੂਰਜ 'ਤੇ ਪੱਬ ਧਰ ਲਵਾਂ

ਉੱਚੇ ਅਰਸ਼ਾਂ ਦੀ ਬਣ ਜਾਵਾਂ ਰਾਣੀ ਵੀ ਮੈਂ
ਏਸ ਧਰਤੀ ਦੀ ਦਿਲਕਸ਼ ਕਹਾਣੀ ਵੀ ਮੈਂ
ਬਲਦੇ ਸਹਿਰਾ 'ਚ ਸੜਨਾ ਵੀ ਹਾਂ ਜਾਣਦੀ
ਕੋਈ ਵਾਅਦਾ ਵਫ਼ਾ ਦਾ ਜਦੋਂ ਕਰ ਲਵਾਂ

ਔਖੇ ਰਾਹਾਂ ਤੇ ਮੈਨੂੰ ਦਿਲਾਸਾ ਤਾਂ ਦੇ
ਮੇਰੇ ਹੋਠਾਂ ਨੂੰ ਕੋਈ ਤੂੰ ਹਾਸਾ ਤਾਂ ਦੇ
ਕਿ ਮੈਂ ਏਨੀ ਵੀ ਪਿਆਸੀ ਨਹੀਂ ਮਿਹਰਮਾ
ਤੇਰੀ ਸਾਰੀ ਨਮੀ ਦੀ ਹੀ ਘੁੱਟ ਭਰ ਲਵਾਂ

**ਸੁਖਵਿੰਦਰ ਅੰਮ੍ਰਿਤ**

.......................................................

# ਬੱਚਿਆਂ ਦਾ ਪੰਨਾ

## ਸਹਿਣ-ਸ਼ੀਲਤਾ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਇਕ ਬਹੁਤ ਸੋਹਣਾ ਘੋੜਾ ਸੀ। ਜਿਸਦਾ ਨਾਮ "ਜੈ ਭਾਰਤ" ਸੀ। ਇਹ ਜੈ ਭਾਰਤ ਘੋੜਾ ਬੜਾ ਅੜੀਅਲ ਸੁਭਾਅ ਦਾ ਸੀ। ਇਹ ਆਪਣੇ ਸਵਾਰ ਦੀ ਗੱਲ ਨਹੀਂ ਮੰਨਦਾ ਸੀ ਸਗੋਂ ਸਵਾਰ ਨੂੰ ਤੰਗ ਕਰਦਾ। ਘੋੜਿਆਂ ਨੂੰ ਸਾਂਭਣ ਵਾਲੇ ਸੇਵਕਾਂ ਇਸ ਨੂੰ ਤਾਂਗੇ ਨਾਲ ਜੋੜਦੇ ਹਨ ਤਾਂ ਕਿ ਇਸ ਨੂੰ ਗੱਲ ਮੰਨਣ ਦੀ ਜਾਚ ਆ ਜਾਵੇ। ਇਕ ਦਿਨ ਬਿਅੰਤ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਅਤੇ ਸੇਵਕ ਲਾਭ ਸਿੰਘ ਨੇ ਇਸ ਨੂੰ ਤਾਂਗੇ ਵਿਚ ਜੋੜ ਕੇ ਨਹਿਰ ਦੇ ਡੇਰੇ ਲੈ ਕੇ ਗਏ।

ਘੋੜਾ ਬਹੁਤ ਤਾਕਤਵਰ ਸੀ। ਸਰਪਟ ਦੌੜਦਾ ਹਵਾ ਦੀ ਰਫ਼ਤਾਰ ਨਾਲ ਭੱਜਣ ਲੱਗਾ। ਕੁਝ ਹੀ ਸਮੇਂ ਵਿਚ ਨਹਿਰ ਵਾਲੇ ਡੇਰੇ ਪਹੁੰਚ ਗਿਆ। ਬਿਅੰਤ ਜੀ ਅਤੇ ਸੇਵਕ ਲਾਭ ਸਿੰਘ ਨੇ ਨਹਿਰ ਤੇ ਇਸ਼ਨਾਨ ਕੀਤਾ ਅਤੇ ਵਾਪਸੀ ਲਈ ਘੋੜੇ ਨੂੰ ਤਾਂਗੇ ਨਾਲ ਜੋੜ ਤਿਆਰ ਕੀਤਾ।



ਘੋੜਾ ਕੁਝ ਦੂਰ ਡੇਰੇ ਤੋਂ ਦੂਰ ਆ ਇਕ ਦਮ ਸੜਕ ਤੇ ਖੜਾ ਹੋ ਗਿਆ। ਲਾਭ ਸਿੰਘ ਨੇ ਬੜਾ ਯਤਨ ਕੀਤਾ ਪਰ ਅੜੀਅਲ ਘੋੜੇ ਨੇ ਪੈਰ ਨਾ ਪੁੱਟਿਆ। ਤੰਗ ਆ ਸੇਵਕ ਨੇ ਡਾਂਗ ਕੱਢ ਲਈ। ਬੇਅੰਤ ਜੀ ਨੇ ਰੋਕਿਆ ਕਿਹਾ ਕੁਝ ਨਹੀਂ ਕਹਿਣਾ ਇਹ ਵੀ ਸਾਡੇ ਵਾਂਗੂੰ ਸਵੇਰ ਦਾ ਭੁੱਖਾ ਹੈ ਜਦੋਂ ਇਸ ਨੂੰ ਭੁੱਖ ਪਿਆਸ ਲੱਗੀ ਤਾਂ ਇਹ ਆਪੇ ਤੁਰ ਪਏਗਾ। ਬੇਅੰਤ ਜੀ ਅਤੇ ਸੇਵਕ ਲਾਭ ਸਿੰਘ ਤਾਂਗੇ ਤੋਂ ਥੱਲੇ ਉੱਤਰ ਇੰਤਜਾਰ ਕਰਨ ਲੱਗੇ। ਇਕ ਘੰਟੇ ਦਾ ਸਮਾਂ ਹੋ ਗਿਆ ਸੀ। ਲਾਭ ਸਿੰਘ ਦੀ ਸਹਿਣ-ਸ਼ੀਲਤਾ ਜਵਾਬ ਦੇ ਰਹੀ ਸੀ ਉਸ ਦਾ ਜੀਅ ਕਰਦਾ ਸੀ ਉਹ ਘੋੜੇ ਨੂੰ ਇਸ ਅਵੱਗਿਆ ਲਈ ਸਜਾ ਦੇਵੇ ਪਰ ਬੇਅੰਤ ਜੀ ਉਸ ਨੂੰ ਵਾਰ ਵਾਰ ਧੀਰਜ ਦਿੰਦੇ ਰਹੇ। ਆਖਰ ਕੁਝ ਸਮੇਂ ਬਾਅਦ ਘੋੜੇ ਨੇ ਆਪਣੀ ਜਿੱਦ ਛੱਡ ਦਿੱਤੀ।

ਬੇਅੰਤ ਜੀ ਨੇ ਲਾਭ ਸਿੰਘ ਨੂੰ ਕਿਹਾ, "ਸਹਿਣ-ਸ਼ੀਲਤਾ ਵੱਡਾ ਗੁਣ ਹੈ ਕਦੇ ਵੀ ਕਾਹਲੇ ਨਹੀਂ ਪੈਣਾ ਚਾਹੀਦਾ ਜੇ ਆਪਾਂ ਘੋੜੇ ਨੂੰ ਮਾਰਦੇ ਤਾਂ ਉਸ ਬਲਵਾਨ ਘੋੜੇ ਦਾ ਨੁਕਸਾਨ ਹੋ ਜਾਂਦਾ।

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਦਾ ਅਮਰੀਕਾ ਵਿਖੇ ਗੁਰਮਤਿ ਪ੍ਰਚਾਰ ਦੌਰਾ ਮਈ 2024

ਨਾਮਧਾਰੀ-ਸਿੱਖ ਵਿਸ਼ਵ ਭਰ ਦੇ ਅਨੇਕਾਂ ਦੇਸ਼ਾਂ ਵਿੱਚ ਵੱਸਦੇ ਹਨ। ਸਫੈਦ ਗੁਰਮੁਖੀ ਪਹਿਰਾਵਾ, ਸਿੱਧੀ ਦਸਤਾਰ ਅਤੇ ਸਾਬਤ ਸੂਰਤ-ਸਿੱਖੀ ਸਰੂਪ ਵਾਲੀ ਵਿਲੱਖਣ ਪਹਿਚਾਣ ਕਰਕੇ ਜਾਣੇ ਜਾਂਦੇ ਨਾਮਧਾਰੀ ਸ਼ੁੱਧ ਸ਼ਾਕਾਹਾਰੀ ਹਨ, ਹਰ ਤਰ੍ਹਾਂ ਦੇ ਨਸ਼ਿਆਂ ਤੋਂ ਮੁਕਤ ਹਨ। ਸਾਦਗੀ, ਸਵੱਛਤਾ ਅਤੇ ਸੁੱਚੀ ਕਿਰਤ ਨਾਮਧਾਰੀ ਜੀਵਨ ਜਾਂਚ ਦਾ ਅਨਿਖੜਵਾਂ ਅੰਗ ਹੈ। ਅੱਜ ਦੇ ਤੇਜੀ ਨਾਮ ਬਦਲ ਰਹੇ ਯੁੱਗ ਵਿੱਚ ਜਦੋਂ ਸੋਸ਼ਲ ਮੀਡੀਆ ਦੇ ਪ੍ਰਭਾਵ ਕਰਕੇ ਤੜਕ-ਭੜਕ ਦਾ ਸਭਿਆਚਾਰ ਸਭ ਤੇ ਭਾਰੂ ਹੋ ਰਿਹਾ ਹੈ, ਵੱਖੋ-ਵੱਖ ਬੋਲੀਆਂ ਅਤੇ ਸਭਿਆਚਾਰਾਂ ਦੀ ਵੰਨ-ਸੁਵੰਨਤਾ ਖਤਰੇ ਵਿੱਚ ਹੈ। ਨੌਜੁਆਨ ਪੀੜ੍ਹੀ ਨਸ਼ਿਆਂ ਦੇ ਵਹਿਣ ਵਿੱਚ ਰੁੜ ਰਹੀ ਹੈ। ਅਜੇਹੇ ਦੌਰ ਵਿੱਚ ਨਾਮਧਾਰੀ ਪੰਥ ਦੇ ਰਾਹਿਨੁਮਾ ਸਤਿਗੁਰੂ ਸਾਹਿਬਾਨ ਦੀ ਕਠਿਨ ਘਾਲਣਾ ਸਦਕਾ ਹੀ ਸੰਭਵ ਹੋ ਸੱਕਿਆ ਹੈ ਕਿ ਨਾਮਧਾਰੀ ਪੰਥ ਵਿੱਚ ਸਿੱਖੀ-ਸਭਿਆਚਾਰ, ਗੁਰਮਤਿ ਰਹਿਤ ਮਰਿਯਾਦਾ ਅਤੇ ਗੁਰਮਤਿ ਕੀਰਤਨ ਦੀਆਂ ਪੁਰਾਤਨ ਰੀਤਾਂ ਸੁਰੱਖਿਅਤ ਹਨ, ਬਾਣੀ ਅਤੇ ਬਾਣੇ ਦੀ ਸ਼ੁੱਧਤਾ ਕਾਇਮ ਹੈ।

ਨਾਮਧਾਰੀ ਸਿੱਖ ਸਮਾਜ ਦੇ ਵਰਤਮਾਨ ਗੁਰੂ, ਸਤਿਗੁਰੂ ਉਦੇ ਸਿੰਘ ਜੀ ਜਦੋਂ ਤੋਂ (ਦਸੰਬਰ 2012 ਈ.) ਨਾਮਧਾਰੀ ਪੰਥ ਦੀ ਸੇਵਾ ਸੰਭਾਲੀ ਹੈ, ਆਪ ਜੀ ਸਮੇਂ-ਸਮੇਂ ਹਰ ਦੇਸ਼ ਦੇ ਦੌਰੇ ਕਰਕੇ ਸੰਗਤਾਂ ਨੂੰ ਗੁਰਮਤਿ ਅਨੁਸਾਰ ਚੱਲਣ ਲਈ ਪ੍ਰੇਰਦੇ ਹਨ ਵਿਸ਼ੇਸ਼ ਕਰਕੇ ਆਪ ਜੀ ਬੱਚਿਆਂ ਅਤੇ ਨੌਜੁਆਨਾਂ ਨੂੰ ਮਾਂ ਬੋਲੀ ਪੰਜਾਬੀ ਪੜਨ ਲਈ ਪ੍ਰੇਰਦੇ ਹਨ, ਨਾਮ-ਬਾਣੀ ਅਤੇ ਰਹਿਤ ਮਰਿਯਾਦਾ ਨਾਲ ਜੋੜ ਰਹੇ ਹਨ। 17 ਮਈ ਤੋਂ 28 ਮਈ 2024 ਤੱਕ ਸ੍ਰੀ ਸਤਿਗੁਰੂ ਜੀ ਦਾ ਅਮੀਰਕਾ ਦਾ ਨੌਵਾਂ ਦੌਰਾ ਬੜੀ ਸਫਲਤਾ ਅਤੇ ਸ਼ਾਨੋ-ਸ਼ੌਕਤ ਨਾਲ ਸੰਪੂਰਨ ਹੋਇਆ। ਨਿਊਯਾਰਕ, ਇੰਡੀਆਨਾ, ਸ਼ਿਕਾਗੋ, ਸੈਨਫਰਾਂਸਿਸਕੋ, ਸੈਨਹੋਜੇ ਅਤੇ ਲਾਸ ਐਂਜਲਸ ਵਿਖੇ ਸਤਿਸੰਗ ਸਮਾਗਮ ਹੋਏ। ਇਨ੍ਹਾਂ ਦਿਨਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਨਾਮਧਾਰੀ ਸੰਗਤਾਂ ਅਤੇ ਕੁਝ ਹੋਰ ਕੀਰਤਨ ਪ੍ਰੇਮੀਆਂ ਨੇ ਕਥਾ ਕੀਰਤਨ ਦਾ ਅਨੰਦ ਮਾਣਿਆ। ਸ੍ਰੀ ਸਤਿਗੁਰੂ ਜੀ ਦੇ ਇਸ ਦੌਰੇ ਦੌਰਾਨ ਗੁਰੂ ਕੇ ਹਜ਼ੂਰੀ ਰਾਗੀ ਮਹਾਨ ਕੀਰਤਨੀਏ ਹਰਬੰਸ ਸਿੰਘ ਘੁੱਲਾ, ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਕਾਕਾ ਬਸੰਤ ਸਿੰਘ ਭਾਰਤ ਤੋਂ ਨਾਲ ਆਏ ਇਨ੍ਹਾਂ ਤੋਂ ਬਿਨਾਂ ਸ੍ਰੀ ਕਿਰਪਾਲ ਸਿੰਘ ਪਾਲੀ, ਗੁਰਦਿੱਤ ਸਿੰਘ, ਗੁਰਸ਼ਰਨ ਸਿੰਘ ਗੁੱਡੀ, ਦਰਸ਼ਨ ਸਿੰਘ ਆਦਿ ਰਾਗੀ ਸਿੰਘ ਇੰਗਲੈਂਡ ਤੋਂ ਉਚੇਚੇ ਆਏ। ਜਥੇਦਾਰ ਗੁਰਲਾਲ ਸਿੰਘ ਅਤੇ ਹਰਪਾਲ ਸਿੰਘ ਸੇਵਕ ਵੀ ਸਮੇਂ-ਸਮੇਂ ਹਾਜ਼ਰੀ ਭਰਦੇ ਰਹੇ। ਹਰ ਸ਼ਹਿਰ ਵਿੱਚ ਕੀਰਤਨ ਪ੍ਰੇਮੀ ਨਿਹੰਗੀ ਸਰੂਪ ਵਾਲੇ ਖਾਲਸੇ ਵੀ ਦੀਵਾਨ ਦਾ ਅਨੰਦ ਮਾਣਦੇ ਰਹੇ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ 2024 ਦਾ ਅਮਰੀਕਾ ਦਾ ਗੁਰਮਤਿ ਪ੍ਰਚਾਰ ਦੌਰਾ 17 ਈ ਤੋਂ ਨਿਊਯਾਰਕ ਤੋਂ ਆਰੰਭ ਹੋਇਆ। ਕਰੀਬ 24 ਘੰਟਿਆਂ ਦਾ ਸਫਰ ਕਰਕੇ ਸ਼ਾਮ ਦੀ ਫਲਾਈਟ ਤੇ ਸ੍ਰੀ ਸਤਿਗੁਰੂ ਜੀ ਸਾਢੇ ਕੁ ਪੰਜ ਵਜੇ ਡੇਰੇ ਪੁੱਜੇ ਅਤੇ 6 ਤੋਂ 8 ਨਾਮ ਸਿਮਰਨ ਅਤੇ ਕੀਰਤਨ ਹੋਇਆ। ਇਸ ਦੌਰੇ ਵਿੱਚ ਸ਼ਾਮਲ ਭਾਰਤ ਤੋਂ ਆਈਆਂ ਸੰਗਤਾਂ ਤੋਂ ਬਿਨਾਂ ਇੰਗਲੈਂਡ, ਕੈਨੇਡਾ, ਆਸਟ੍ਰੇਲੀਆ ਅਤੇ ਅਮਰੀਕਾ ਦੇ ਹੋਰ ਸ਼ਹਿਰਾਂ ਤੋਂ ਵੀ ਸੰਗਤਾਂ ਸ਼ਾਮਲ ਹੋਈਆਂ।

ਦੌਰੇ ਦੌਰਾਨ ਨਿੱਤ-ਕ੍ਰਮ ਅਨੁਸਾਰ ਅੰਮ੍ਰਿਤ ਵੇਲੇ ਤੰਤੀ ਸਾਜਾਂ ਨਾਲ ਆਸਾ ਦੀ ਵਾਰ ਦਾ ਕੀਰਤਨ ਹੁੰਦਾ। ਉਪ੍ਰੰਤ ਸਥਾਨਕ ਬੱਚਿਆਂ ਵਲੋਂ ਪੇਸ਼ਕਾਰੀ ਹੁੰਦੀ ਜਿਸ ਵਿੱਚ ਕੋਈ ਬੱਚਾ ਸ਼ਬਦ ਗਾਇਨ ਕਰਦਾ ਕੋਈ ਛੋਟੀ ਜਹੀ ਗੁਰਇਤਿਹਾਸ ਦੀ ਸਾਖੀ ਸੁਣਾਉਂਦਾ, ਕੋਈ ਕਵਿਤਾ ਜਾਂ ਹੱਲੇ ਦੇ ਦੀਵਾਨ ਲਗਾਉਂਦਾ। ਏਸੇ ਤਰ੍ਹਾਂ ਸ਼ਾਮ ਨੂੰ ਇਕ ਘੰਟਾ ਨਾਮ ਸਿਮਰਨ ਇਸ ਦੌਰਾਨ ਕਥਾ ਵਖਿਆਨ ਆਦਿ ਉਪਰੰਤ ਹਜ਼ੂਰੀ ਰਾਹੀ ਜਥੇ ਵਲੋਂ ਸ਼ਾਮ ਦਾ ਕੀਰਤਨ, ਇਲਾਹੀ ਗੁਰਬਾਣੀ ਦਾ ਪੁਰਾਤਨ ਰੀਤਾਂ ਅਨੁਸਾਰ ਗਾਇਨ ਹੁੰਦਾ ਰਿਹਾ। ਪੂਰੇ ਦੌਰੇ ਦੌਰਾਨ ਅਨੇਕਾਂ ਬੱਚਿਆਂ, ਨਵੇਂ ਸਿਖਿਆਰਥੀਆਂ ਨੇ ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਸੰਗਤ ਵਿੱਚ ਗੁਰਬਾਣੀ ਪਾਠ ਸੁਣਾਇਆ, ਸ਼ਬਦ ਗਾਇਨ ਕੀਤੇ, ਦੀਵਾਨ ਲਗਾਏ ਗੁਰ ਇਤਿਹਾਸ ਚੋਂ ਛੋਟੀਆਂ ਛੋਟੀਆਂ ਪ੍ਰੇਰਕ ਕਥਾ ਸੁਣਾਈਆ। ਨਾਮਧਾਰੀ ਸਮਾਜ ਵਿੱਚ ਇਹ ਵੀ ਇਕ

ਬੜੀ ਪਿਆਰੀ ਪ੍ਰੰਪਰਾ ਹੈ ਕਿ ਜਦੋਂ ਬੱਚਾ ਪੰਜ-ਸੱਤ ਸਾਲ ਦਾ ਹੋ ਜਾਂਦਾ ਹੈ ਤਾਂ ਮਾਪੇ ਬੱਚੇ ਨੂੰ ਸ੍ਰੀ ਸਤਿਗੁਰੂ ਜੀ ਤੋਂ ਪੱਗ ਬਣਵਾਉਂਦੇ ਹਨ- ਬੇਸ਼ਕ ਬੱਚੇ ਨੂੰ ਜਨਮ ਹੁੰਦਿਆਂ ਹੀ ਕੰਨ ਵਿੱਚ ਗੁਰਮੰਤ੍ਰ ਸੁਣਾਇਆ ਜਾਂਦਾ ਹੈ ਪਰ ਦਸਤਾਰ ਬੰਦੀ ਸਮੇਂ ਜਦੋਂ ਬੱਚਾ ਹੋਸ਼ ਸੰਭਾਲ ਚੁੱਕਾ ਹੁੰਦਾ ਹੈ ਉਸਨੂੰ ਕੰਨ ਵਿੱਚ ਗੁਰਮੰਤ੍ਰ ਵੀ ਦਿੱਤਾ ਜਾਂਦਾ ਹੈ, ਇਸੇ ਪ੍ਰੰਪਰਾ ਅਨੁਸਾਰ ਪੂਰੇ ਦੌਰੇ ਵਿੱਚ ਸ੍ਰੀ ਸਤਿਗੁਰੂ ਜੀ ਨੇ ਬਹੁਤ ਸਾਰੇ ਛੋਟੇ ਬੱਚਿਆਂ ਦੇ ਸੀਸ ਤੇ ਦਸਤਾਰਾਂ ਸਜਾਉਣ ਦੀ ਕਿਰਪਾ ਕੀਤੀ। ਦਸਤਾਰ ਸਜਾਉਣ ਵੇਲੇ ਸ੍ਰੀ ਸਤਿਗੁਰੂ ਜੀ ਉਚੇਚਾ ਵੇਖਦੇ ਹਨ ਕਿ ਬੱਚੇ ਦੇ ਜੂੜੇ ਨਾਲ ਛਪਟੀ ਕਿਰਪਾਨ ਜੜਿਆ ਕੰਘਾ ਜ਼ਰੂਰ ਹੋਵੇ। ਇਸ ਤੋਂ ਬਿਨਾਂ ਜੇ ਕੋਈ ਨਵਾਂ ਸਿੱਖ ਸਜਦਾ ਹੈ ਤਾਂ ਉਹ ਕਿਸੇ ਵੀ ਉਮਰ ਦਾ ਹੋਵੇ ਉਹ ਸਿੰਘ ਵੀ ਸ੍ਰੀ ਸਤਿਗੁਰੂ ਜੀ ਦੇ ਕਰ-ਕੰਵਲਾਂ ਦੁਆਰਾ ਆਪਣੇ ਸੀਸ ਤੇ ਦਸਤਾਰ ਸਜਾਉਣ ਨੂੰ ਆਪਣੇ ਧੰਨ ਭਾਗ ਸਮਝਦਾ ਹੈ। ਇਸੇ ਮਰਿਯਾਦਾ ਅਨੁਸਾਰ ਇੰਡਿਆਨਾ ਵਿਖੇ 21 ਮਈ ਨੂੰ ਹਿੰਦੂ ਪਰਿਵਾਰ ਚੋਂ ਕੇਸਾ ਧਾਰੀ ਬਣੇ 20 ਕੁ ਵਰਿਆਂ ਦੇ ਨੌਜੁਆਨ ਦੇ ਸੀਸ ਤੇ ਵੀ ਸ੍ਰੀ ਸਤਿਗੁਰੂ ਜੀ ਨੇ ਦਸਤਾਰ ਸਜਾਉਣ ਦੀ ਕਿਰਪਾ ਕੀਤੀ।

ਇਸੇ ਗੁਰਮਤਿ ਪ੍ਰਚਾਰ ਦੌਰੇ ਸਮੇਂ 20 ਮਈ ਨੂੰ ਇੰਡਿਆਨਾ ਵਿਖੇ ਗੁਰ ਮਰਿਯਾਦਾ ਅਨੁਸਾਰ ਇਕ ਅਨੰਦ ਕਾਰਜ ਹੋਇਆ। ਨਾਮਧਾਰੀ ਸਿੱਖਾਂ ਵਿੱਚ ਪ੍ਰਚਲਤ ਅਨੰਦ ਕਾਰਜ ਦੀ ਮਰਿਯਾਦਾ ਬਹੁਤ ਹੀ ਸਾਦਗੀ ਨਾਲ ਸਾਤਵਿਕ ਅਤੇ ਅਧਿਆਤਮਕ ਮਹੌਲ ਵਿੱਚ ਸੰਪੂਰਨ ਹੁੰਦੀ ਹੈ ਜੋ ਕਿ ਪੂਰੇ ਸਮਾਜ ਲਈ ਪ੍ਰੇਰਣਾ ਸ੍ਰੋਤ ਹੈ ਜਿਸਨੂੰ ਅਪਨਾ ਕੇ ਸਮਾਜ ਬਹੁਤ ਉਲਝਣਾਂ ਅਤੇ ਬੁਰਿਆਆਈਆਂ ਤੋਂ ਮੁਕਤ ਹੋ ਸਕਦਾ ਹੈ। ਇਸ ਲਈ ਗੈਰ ਨਾਮਧਾਰੀ ਪਾਠਕਾਂ ਦੀ ਜਾਣਕਾਰੀ ਲਈ ਇਸ ਅਨੰਦ ਕਾਰਜ ਦਾ ਸੰਖੇਪ ਵਰਨਣ ਹੈ।

20 ਮਈ ਨੂੰ ਇੰਡਿਆਨਾ ਵਿਖੇ ਗੁਰਦੀਪ ਸਿੰਘ ਦੀ ਵਰਕਸ਼ਾਪ ਦੇ ਸਜੇ ਸੰਵਰੇ ਹਾਲ ਵਿੱਚ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਆਸਾ ਦੀ ਵਾਰ ਦਾ ਕੀਰਤਨ ਅਰੰਭ ਹੋਇਆ। ਚੌਥੇ ਪਾਤਸ਼ਾਹ ਸਾਹਿਬ ਗੁਰੂ ਰਾਮਦਾਸ ਜੀ ਦੇ ਉਚਾਰਨ ਕੀਤੇ ਛੱਕੇ 'ਹਰਿ ਅੰਮ੍ਰਿਤ ਭਿੰਨੇ ਲੋਇਨਾ ਮਨ ਪ੍ਰੇਮ ਰਤੰਨਾ ਰਾਮ ਰਾਜੇ' ਅਤੇ ਆਦਿ ਗੁਰੂ ਬਾਬੇ, ਸਤਿਗੁਰੂ ਨਾਨਕ ਦੇਵ ਜੀ ਦੇ ਉਚਾਰੇ ਸਲੋਕ ਬਲਿਹਾਰੀ ਗੁਰ ਆਪਣੇ ਦਿਉ ਹਾੜੀ ਸਦਵਾਰ। ਜਿਨ ਮਾਨਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ ਰੱਬੀ ਬਾਣੀ ਦੇ ਗਾਇਨ ਨਾਲ ਅੰਮ੍ਰਿਤ ਵੇਲੇ ਰੂਹਾਨੀਅਤ ਦਾ ਅੰਮ੍ਰਿਤ ਵਰਸਨ ਲੱਗਾ। ਕੇਸੀ ਇਸ਼ਨਾਨ ਕਰਕੇ ਸਫੈਦ ਗੁਰਮੁਖੀ ਬਾਣੇ ਵਿੱਚ ਸੱਜੀਆ ਨਾਮ-ਜੱਪਦੀਆਂ ਸੰਗਤਾਂ ਇਲਾਹੀ ਹਰਿ ਜੱਸ ਦਾ ਅਨੰਦ ਮਾਣ ਰਹੀਆਂ ਸਨ-

ਅੰਤਰਿ ਗੁਰੁ ਆਰਾਧਣਾ ਜਿਹਨਾ ਜਪਿ ਗੁਰ ਨਾਉ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਨਾਉ॥
ਕਹੁ ਨਾਨਕ ਕਿਰਪਾ ਕਰੇ ਜਿਸਨੋ ਏਹ ਵਥੁ ਦੇਇ॥
ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਸ਼ਬਦ ਰੂਪਮਾਨ ਹੋ ਰਿਹਾ, ਬੈਕੁੰਠ ਧਾਮ ਦਾ ਦ੍ਰਿਸ਼ ਪ੍ਰਤੀਤ ਹੋ ਰਿਹਾ ਸੀ। ਇਸੇ ਪੰਡਾਲ ਦੇ ਇਕ ਪਾਸੇ ਸੁੱਚ ਮਰਿਯਾਦਾ ਦੇ ਧਾਰਣੀ ਪੰਜ ਨੌਜੁਆਨਾਂ ਨੇ ਪੰਜ ਕਕਾਰ ਧਾਰਣ ਕਰਕੇ ਸਫਾਜੰਗ ਸਮੇਤ ਕਮਰਕੱਸੇ ਸਜਾ ਕੇ ਪੰਜ ਬਾਣੀਆਂ ਦਾ ਪਾਠ ਕਰਕੇ ਅੰਮ੍ਰਿਤ ਤਿਆਰ ਕੀਤਾ। ਪੰਡਾਲ ਦੇ ਵਿਚਾਲੇ ਹਵਨ ਯੱਗ ਅਰੰਭ ਹੋ ਗਿਆ ਪੰਜ ਸਿੰਘਾਂ ਨੇ ਸੱਤ ਬਾਣੀਆਂ ਜਪੁ, ਜਾਪੁ, ਅਕਾਲ ਉਸਤਤ, ਚੰਡੀ ਚਰਿਤ੍ਰ, ਚੌਪਈ, ਚੰਡੀ ਦੀ ਵਾਰ, ਉਗਦੰਤੀ ਦਾ ਪਾਠ ਕੀਤਾ, ਇਕ ਸਿੰਘ ਦੇਸੀ ਘਿਉ ਵਿੱਚ ਰਲੀ ਸਮਗਰੀ ਦੀ ਅਹੂਤੀ ਪਾਉਂਦਾ ਅਤੇ ਨਾਮ ਜਪਦਾ, ਦੂਸਰਾ ਪਾਣੀ ਦਾ ਛੱਟਾ ਦੇਂਦਾ ਤੇ ਨਾਮ ਜੱਪਦਾ। ਇਸ ਮਰਿਯਾਦਾ ਨਾਲ ਹਵਨ ਹੁੰਦਿਆਂ ਸਾਰਾ ਪੰਡਾਲ ਇਕ ਅਦੁੱਤੀ ਮਹਿਕ ਨਾਲ ਭਰ ਗਿਆ। ਵੇਦੀ ਗੱਡੀ ਗਈ, ਹਵਨ ਸੰਪੂਰਨ ਹੁੰਦਿਆਂ ਹੀ ਵੇਦੀ ਦੇ ਨਾਲ ਹੀ ਵਿਸ਼ੇ ਸਫੈਦ ਕਪੜੇ ਤੇ ਕਾਕਾ ਸੰਤਾ ਸਿੰਘ ਸਪੁੱਤਰ ਸੁਦਰਸ਼ਨ ਸਿੰਘ ਬੈਠ ਗਿਆ। ਬੇਟੀ ਬ੍ਰਹਮ ਕੌਰ ਸਪੁੱਤਰੀ ਸੰਤ ਬਲਵੰਤ ਸਿੰਘ (ਹਜ਼ੂਰੀ ਰਾਗੀ) ਨੇ ਆ ਕੇ ਸੰਤਾਂ ਸਿੰਘ ਨੂੰ ਮੱਥਾ ਟੇਕ ਕੇ ਉਸਦੇ ਗਲ ਵਿੱਚ ਉੱਨ ਦੀ ਅਠੋਤਰੀ ਮਾਲਾ ਪਾਈ ਅਤੇ ਖੱਬੇ ਪਾਸੇ ਬੈਠ ਗਈ। ਵਰ-ਵਧੂ ਸਾਦੇ ਸਫੈਦ ਗੁਰਮੁਖੀ ਬਾਣੇ ਵਿੱਚ ਕੋਈ ਗਹਿਣਾ ਨਹੀਂ ਕੋਈ ਰੰਗ ਬਰੰਗੇ ਜਾਂ ਕੀਮਤੀ ਪਕੜੇ ਨਹੀਂ, ਏਥੋਂ ਤੱਕ ਕਿ ਲੜਕਾ ਕੁੜਤੇ ਤੇ ਕਛਿਹਰੇ ਵਿੱਚ ਹੁੰਦਾ ਹੈ, ਇਸ ਸਮੇਂ ਪਜਾਮਾਂ ਵੀ ਨਹੀਂ ਪਾਇਆ ਜਾਂਦਾ। ਗ੍ਰਿਹਸਤ ਮਾਰਗ ਵਿੱਚ ਇਕ ਨਵੇਂ ਜੀਵਨ ਦਾ ਅਰੰਭ ਹੁੰਦਾ ਹੈ, ਇਸ ਸਮੇਂ ਵਰ ਵਧੂ ਨੂੰ ਅੰਮ੍ਰਿਤ ਛਕਾਇਆ ਗਿਆ, ਕੰਨ ਵਿੱਚ ਗੁਰਮੰਤ੍ਰ ਦਿੱਤਾ ਅਤੇ ਗੰਢ ਚਤਰਾਵਾ ਕੀਤਾ ਗਿਆ। ਬੋਲੇ ਸੋ ਨਿਹਾਲ ਦਾ ਜੈਕਾਰਾ ਗੂੰਜਿਆ ਆਦਿ ਗੁਰੁ ਗ੍ਰੰਥ ਸਾਹਿਬ ਦੀ ਬੀੜ ਅਤੇ ਕੜ੍ਹਾਹ ਪ੍ਰਸ਼ਾਦ ਦੀਵਾਨ ਵਿੱਚ ਲਿਆਂਦਾ ਗਿਆ। ਸਮੇਤ ਸਤਿਗੁਰੂ ਜੀ, ਸਾਰੀ ਸੰਗਤ ਗੁਰਬਾਣੀ ਅਤੇ ਪ੍ਰਸ਼ਾਦ ਦੇ ਅਦਬ ਵਜੋਂ ਉੱਠ ਖੜੇ ਹੋਏ ਕੇਵਲ ਰਾਗੀ ਸਿੰਘ ਬੈਠੇ ਕੀਰਤਨ ਕਰਦੇ ਰਹੇ। ਆਸਾ ਦੀ ਵਾਰ ਦੀ

ਸੰਪੂਰਨਤਾ ਹੋਣ ਤੇ ਚੌਥੇ ਮਹੱਲੇ ਦੀਆਂ ਸੂਹੀ ਰਾਗ ਵਿੱਚ ਉਚਾਰਨ ਕੀਤੀਆਂ ਲਾਵਾਂ ਦੇ ਪਾਠ ਨਾਲ ਲੜਕੇ ਲੜਕੀ ਨੇ ਹੱਥ ਜੋੜ ਕੇ ਹਵਨ ਦੁਆਲੇ ਚਾਰ ਫੇਰੇ ਲਏ ਅਤੇ ਆਪਣੇ ਸਥਾਨ ਤੇ ਮੁੜ ਬੈਠ ਗਏ। ਨੌਵੇਂ ਮਹੱਲੇ ਦੇ ਸਲੋਕਾਂ ਦਾ ਪਾਠ ਕਰਕੇ ਨੌ ਪਾਠਾਂ ਦੇ ਭੋਗ ਪਾਏ ਗਏ ਅਖੀਰ ਵਿੱਚ ਰਾਗੀ ਸਿੰਘਾਂ ਨੇ ਅਨੰਦ ਸਾਹਿਬ ਦੇ ਪੰਜ ਪੌੜਿਆਂ ਦਾ ਗਾਇਨ ਕੀਤਾ ਜੋ ਕਿ ਆਸਾ ਦੀ ਵਾਰ ਦੇ ਅਖੀਰ ਵਿੱਚ ਕੀਤਾ ਜਾਂਦਾ ਹੈ ਅਰਦਾਸ ਹੋਈ ਅਤੇ ਅਨੰਦ ਕਾਰਜ ਦੀ ਰਸਮ ਸੰਪੂਰਨ ਹੋ ਗਈ। ਲੜਕੇ-ਲੜਕੀ ਨੂੰ ਕੜਾਹ ਪ੍ਰਸ਼ਾਦ ਦਿੱਤਾ ਗਿਆ ਫੇਰ ਸਾਰੀ ਸੰਗਤ ਨੂੰ ਵੀ ਪ੍ਰਸ਼ਾਦ ਵਰਤਾਇਆ ਗਿਆ।

ਇਹ ਹੈ ਨਾਮਧਾਰੀ ਸਮਾਜ ਵਿੱਚ ਪ੍ਰਚਲਤ ਅਨੰਦ ਕਾਰਜ ਦੀ ਪਹਿਲੀ ਤੇ ਆਖਰੀ ਰਸਮ ਨਾ ਮੰਗਨੀ, ਨਾ ਮਿਲਨੀ, ਨਾ ਮੁਕਲਾਵਾ, ਨਾ ਠਾਕਾ, ਇਹ ਗੁਰਮਤਿ ਅਨੰਦ ਕਾਰਜ ਦੀ ਰਸਮ 3-4 ਜੂਨ 1863 ਈ. ਨੂੰ ਪਿੰਡ ਖੋਟੇ (ਫਿਰੋਜਪੁਰ, ਪੰਜਾਬ) ਵਿਖੇ ਸਤਿਗੁਰੂ ਰਾਮ ਸਿੰਘ ਜੀ ਨੇ ਅਰੰਭ ਕੀਤੀ ਸੀ। ਉਸ ਵਕਤ ਪੰਡਤਾਂ ਵਲੋਂ ਵਿਰੋਧ ਕੀਤਾ ਗਿਆ, ਕੇਸ ਚੱਲਿਆ 28 ਦਿਨ ਸਤਿਗੁਰੂ ਰਾਮ ਸਿੰਘ ਜੀ ਦੀ ਪੇਸ਼ੀ ਹੁੰਦੀ ਰਹੀ। ਏਨੀਆਂ ਮੁਸੀਬਤਾਂ ਚੋਂ ਲੰਘ ਕੇ ਸਥਾਪਿਤ ਹੋਈ ਏਸੇ ਰਸਮ ਨੂੰ ਆਧਾਰ ਬਣਾ ਕੇ 1908 ਈ. ਵਿੱਚ 'ਸਿੱਖ ਮੈਰਿਜ ਐਕਟ' ਪਾਸ ਹੋਇਆ।

ਇਹ ਹੈ ਗੁਰਮਤਿ ਦੇ ਆਧਾਰ ਤੇ ਬਣੀ ਅਨੰਦ ਕਾਰਜ ਦੀ ਰਸਮ ਜੋ ਵਿਆਹ ਨਹੀਂ ਅਨੰਦ ਕਾਰਜ ਹੈ। ਜਿਸ ਵਿੱਚ ਰਿਸ਼ਤੇਦਾਰਾ ਦੀ ਜੰਞ ਨਹੀਂ ਹੁੰਦੀ, ਉਸ ਤੋਂ ਵੱਡਾ ਸਾਧ ਸੰਗਤ ਦਾ ਇਕੱਠ ਹੁੰਦਾ ਹੈ। ਜਿਸ ਵਿੱਚ ਢੋਲ ਢਮੱਕਾ ਜਾਂ ਗੀਤਾਂ ਦਾ ਗੌਣ ਵਜਾਉਣ ਨਹੀਂ ਹੁੰਦਾ ਸਗੋਂ ਇਹ ਤਉ ਬ੍ਰਹਮ ਬੀਚਾਰ॥ ਰੱਬੀ ਬਾਣੀ ਦਾ ਕੀਰਤਨ ਹੁੰਦਾ ਹੈ। ਸੋਨੇ ਦੇ ਗਹਿਣਿਆਂ ਦੀ ਜਗ੍ਹਾ ਲੜਕੇ ਲੜਕੀ ਦੇ ਗਲ ਵਿੱਚ ਨਾਮ ਜੱਪਣ ਵਾਲਾ ਗੱਲ ਦਾ ਗਹਿਣਾ ਮਾਲਾ ਪਾਣੀ ਹੁੰਦੀ ਹੈ। ਤਰ੍ਹਾਂ-ਤਰ੍ਹਾਂ ਦੀਆਂ ਮਠਿਆਈਆਂ ਦੀ ਜਗ੍ਹਾ ਕੜ੍ਹਾਹ ਪ੍ਰਸ਼ਾਦ ਦੀ ਅੰਮ੍ਰਿਤ ਦੇਗ ਵਰਤਾਈ ਜਾਂਦੀ ਹੈ। ਇਹ ਹੈ ਇਕ ਅਧਿਆਤਮਕ ਰੰਗ ਵਿੱਚ ਰੰਗੀ ਰਸਮ ਸਹਜ ਅਨੰਦੁ ਹੋਆ ਵਡਭਾਗੀ।

ਇਸ ਅਨੰਦ ਕਾਰਜ ਦੀ ਇਕ ਹੋਰ ਵਿਸ਼ੇਸ਼ਤਾ ਹੈ ਕਿ ਯੂਨੀਵਰਸਿਟੀ ਵਿੱਚ ਉੱਚ ਵਿੱਦਿਆ ਪ੍ਰਾਪਤ ਕਰ ਰਹੀ ਸੰਤਾਂ ਸਿੰਘ ਅਤੇ ਬ੍ਰਹਮ ਕੌਰ ਦੀ ਸੁਭਾਗੀ ਜੋੜੀ ਰਾਗ ਵਿੱਦਿਆ ਦੀ ਗਿਆਤਾ ਹੈ, ਕੀਰਤਨ ਕਰ ਲੈਂਦੇ ਹਨ ਅਤੇ ਅਨੰਦ ਕਾਰਜ ਤੋਂ ਪਹਿਲਾਂ ਦੋਵਾਂ ਨੇ ਆਦਿ ਗੁਰੂ ਗ੍ਰੰਥ ਸਾਹਿਬ ਦਾ ਇੱਕ-ਇੱਕ ਸੰਪੂਰਨ ਪਾਠ ਆਪ ਕੀਤਾ ਹੈ ਜਿਸਦਾ ਅੱਜ ਭੋਗ ਪਾਇਆ ਗਿਆ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ 22 ਮਈ ਨੂੰ ਇੰਡਿਆਨਾ ਤੋਂ ਸ਼ਿਕਾਗੋ ਦਰਸ਼ਨ ਦਿੱਤੇ। 23 ਮਈ ਨੂੰ ਸੈਨਹੋਜ਼ੇ ਅਤੇ 25 ਮਈ ਨੂੰ ਲਾਲ ਐਂਜਲਸ 28 ਮਈ ਨੂੰ ਦੌਰਾ ਸੰਪੂਰਨ ਹੋਇਆ। ਇਨ੍ਹਾਂ ਦਿਨਾਂ ਵਿੱਚ ਸੰਗਤਾਂ ਕੰਮਾਂ ਵਿਹਾਰਾਂ ਤੋਂ ਛੁੱਟੀਆਂ ਕਰਕੇ ਸੇਵਾ ਵਿੱਚ ਹਾਜ਼ਰ ਰਹੀਆਂ ਅਤੇ ਸਤਿਸੰਗ ਦਾ ਅਨੰਦ ਮਾਣਦੇ ਰਹੇ। ਪਿਛਲੇ ਕਰੀਬ ਇੱਕ ਦਹਾਕੇ ਤੋਂ ਸ੍ਰੀ ਸਤਿਗੁਰੂ ਜੀ ਨੇ ਗੁਰਬਾਣੀ ਗੁਰ ਇਤਿਹਾਸ ਅਤੇ ਗੁਰਮਤਿ ਰਹਿਤ ਮਰਿਯਾਦਾ ਦੇ ਪ੍ਰਚਾਰ-ਪ੍ਰਸਾਰ ਲਈ ਸੋਸ਼ਲ ਮੀਡੀਆ ਰਾਹੀਂ ਅਨੇਕਾਂ ਵੱਖੋ-ਵੱਖ ਪ੍ਰੋਗਰਾਮ ਸ਼ੁਰੂ ਕਰਵਾਏ ਹਨ। 24 ਘੰਟੇ ਯੂ-ਟਿਊਬ ਤੇ ਨਾਮਧਾਰੀ ਟੀ.ਵੀ. ਰਾਹੀਂ ਕਥਾ ਕੀਰਤਨ ਗੁਰ ਇਤਿਹਾਸ ਅਤੇ ਰੋਜ਼ਾਨਾ ਸ੍ਰੀ ਭੈਣੀ ਸਾਹਿਬ ਤੋਂ ਆਸਾ ਦੀ ਵਾਰ ਅਤੇ ਸ਼ਾਮ ਦਾ ਕੀਰਤਨ ਪ੍ਰਸਾਰਿਤ ਹੁੰਦਾ ਹੈ। sribhainisahib ਅਤੇ Raag Naad ਐਪ ਰਾਹੀਂ ਆਦਿ ਅਤੇ ਦਸਮ ਗੁਰਬਾਣੀ ਦਾ ਸ਼ੁੱਧ ਪਾਠ, ਕਥਾ ਵਖਿਆਨ ਕੀਰਤਨ ਆਦਿ ਬਹੁਤ ਡਾਟਾ ਸੁਣ ਸਕਦੇ ਹਾਂ। Satjug ਐਪ ਤੇ ਪੁਰਾਤਨ ਅਤੇ ਵਰਤਮਾਨ ਪਰਚੇ ਪੜ੍ਹ ਸਕਦੇ ਹਾਂ। ਦੂਰ ਦੁਰਾੜੇ ਵੱਸਦੇ ਬੱਚਿਆਂ ਨੂੰ on-line ਗੁਰਬਾਣੀ, ਰਾਗ ਅਤੇ ਇਤਿਹਾਸ ਦੀ ਸਿਖਿਆ ਦਿੱਤੀ ਜਾਂਦੀ ਹੈ। ਦੇਸ਼ ਭਰ ਵਿੱਚ ਅਤੇ ਵਿਦੇਸ਼ਾਂ ਵਿੱਚ ਦੌਰੇ ਕਰਕੇ ਸ੍ਰੀ ਸਤਿਗੁਰੂ ਜੀ ਸੰਗਤਾਂ ਨੂੰ ਵਿਸ਼ੇਸ਼ ਕਰਕੇ ਨਵੀਂ ਪੀੜੀ ਨੂੰ ਨਾਮ ਅਤੇ ਬਾਣੀ ਨਾਲ ਜੋੜ ਦੇ ਹਨ, ਸਿੱਖੀ ਸਰੂਪ ਵਿੱਚ ਰਹਿਣ ਲਈ ਪ੍ਰੇਰਦੇ ਹਨ। ਗੁਰਬਾਣੀ ਪੜ੍ਹਨ, ਸਮਝਣ ਦੇ ਨਾਲ-ਨਾਲ ਗੁਰਬਾਣੀ ਵਿੱਚ ਦਰਸਾਏ ਉੱਚ ਆਦਰਸ਼ਾਂ ਅਨੁਸਾਰ ਜੀਵਨ ਜੀਊਣ ਲਈ ਸਿੱਖਿਆ ਦੇਂਦੇ ਹਨ।

**ਹਰਪਾਲ ਸਿੰਘ ਸੇਵਕ**

## ਪਿੰਡ ਖੋਟੇ ਵਿਖੇ ਅਨੰਦ ਕਾਰਜਾਂ ਦਾ ਮੇਲਾ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਵਿੱਤਰ ਗੁਰਬਾਣੀ ਵਿੱਚ ਦਰਜ ਫੁਰਮਾਨ ਦੇ ਮੁਤਾਬਿਕ 'ਕੀਰਤ ਪ੍ਰਭ ਕੀ ਗਾਉ ਮੇਰੀ ਰਸਨਾ' ਹਰ ਪ੍ਰਾਣੀ ਨੂੰ ਹੁਕਮ ਕੀਤਾ ਗਿਆ ਹੈ ਕਿ ਐ ਮੇਰੀ ਜੀਭ ਤੂੰ ਪਰਮਾਤਮਾ ਦੀ ਸਿਫਤ ਸਲਾਹ ਦਾ ਗਾਇਨ ਕਰ। ਇਸ ਲਈ ਸਾਡਾ ਸਭਨਾ ਦਾ ਮੁੱਢਲਾ ਫਰਜ ਬਣਦਾ ਹੈ ਕਿ ਆਪਨੇ ਸਤਿਗੁਰੂ ਦੀ ਸੋਭਾ ਵਡਿਆਈ ਕਰੀਏ ਜਿਸ





ਮਹਾਨ ਸਤਿਗੁਰੂ ਜੀ ਸਾਡੇ ਤੇ ਇਨੇ ਵੱਡੇ ਪਰਉਪਕਾਰ ਸਮੁੱਚੇ ਸਿੱਖ ਜਗਤ ਤੇ ਕੀਤੇ ਜੋ ਗਿਣਤੀਆਂ ਮਿਨਤੀਆਂ ਤੋਂ ਪਾਰ ਦੀ ਗੱਲ ਹੈ।

ਸਿੱਖ ਇਤਿਹਾਸ ਵਿੱਚ ਇੱਕ ਨਵੇ ਅਧਿਆਏ ਦਾ ਅਰੰਭ ਹੋਇਆ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 3 ਜੂਨ 1863 ਈ. ਨੂੰ ਪਿੰਡ ਖੋਟੇ (ਉਸ ਵੇਲੇ ਜ਼ਿਲ੍ਹਾ ਫਿਰੋਜਪੁਰ) ਹੁਣ ਜ਼ਿਲ੍ਹਾ ਮੋਗਾ ਦੇ ਨਗਰ ਵਿਖੇ ਸਿੱਖ ਜਗਤ ਵਿੱਚ ਗ੍ਰਹਿਸਤ ਧਰਮ ਵਿੱਚ ਪ੍ਰਵੇਸ ਨੂੰ ਗੁਰੂ ਰਾਮਦਾਸ ਜੀ ਦੀਆਂ ਉਚਾਰਨ ਕੀਤੀਆਂ ਚਾਰ ਲਾਵਾਂ ਨਾਲ ਅਨੰਦ ਕਾਰਜ ਦੀ ਮਰਿਯਾਦਾ ਅਰੰਭ ਕਰਕੇ ਸਮੁੱਚੇ ਸਿੱਖ ਜਗਤ ਨੂੰ ਗੁਰਬਾਣੀ ਨਾਲ ਜੋੜ ਦਿੱਤਾ। ਅੱਜ ਕੋਈ ਵੀ ਸੰਪ੍ਰਦਾਏ ਅਨੰਦ ਕਾਰਜ ਸਮੇਂ ਚਾਰ ਲਾਵਾਂ ਦਾ ਪਾਠ ਕਰਕੇ ਆਨੰਦ ਕਾਰਜ ਕਰਦੀ ਹੈ। ਇਹ ਗੁਰਬਾਣੀ ਨਾਲ ਸਾਨੂੰ ਸਭਨਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜੋੜਿਆਂ ਹੈ। ਇਸ ਤੋਂ ਪਹਿਲਾਂ ਕੋਈ ਇਤਿਹਾਸਕ ਪ੍ਰਮਾਣ ਨਹੀਂ ਮਿਲਦਾ ਕਿ ਕਿਸੇ ਦੇ ਅਨੰਦ ਕਾਰਜ ਗੁਰਬਾਣੀ ਦੀਆਂ ਚਾਰ ਲਾਵਾਂ ਪੜ੍ਹ ਕੇ ਕੀਤੇ ਗਏ ਹਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕੀਤੇ ਇਸ ਪਰਉਪਕਾਰ ਨੂੰ ਯਾਦ ਕਰਦੇ ਹੋਏ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਮਿਤੀ 3 ਜੂਨ 2024 ਦਿਨ ਸੋਮਵਾਰ ਨੂੰ ਪਿੰਡ ਖੋਟੇ ਵਿਖੇ ਮੇਲਾ ਮਨਾਇਆ ਗਿਆ। ਕਵੀਸ਼ਰ ਦਿਲਬਾਗ ਸਿੰਘ ਵਲਟੋਏ ਵਾਲਿਆਂ ਦੇ ਜਥੇ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਪ੍ਰਸੰਗ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕੀਤੇ ਪਰਉਪਕਾਰਾਂ ਨੂੰ ਯਾਦ ਕੀਤਾ ਗਿਆ। ਪਵਿੱਤਰ ਗੁਰਬਾਣੀ ਦੇ ਪਾਠਾਂ ਦਾ ਭੋਗ ਪਾਏ ਗਏ। ਇਸ ਸਮੇਂ ਸੂਬਾ ਇੰਦਰਜੀਤ ਸਿੰਘ ਮੱਲ, ਸੂਬਾ ਸਮਿੰਦਰ ਸਿੰਘ ਸੈਦੋਕੇ ਹਾਜਰ ਸਨ।

ਇਸ ਮੇਲੇ ਦੀ ਸੇਵਾ ਸੂਬਾ ਗੁਰਮੇਲ ਸਿੰਘ ਖੋਟੇ ਵਾਲਿਆਂ ਵਲੋਂ ਕਰਵਾਈ ਗਈ। ਇਸ ਇਤਿਹਾਸਿਕ ਸਥਾਨ ਤੇ ਬਣੇ ਸੁੰਦਰ ਦੀਵਾਨ ਹਾਲ ਅਤੇ ਲੰਗਰ ਹਾਲ ਦੇ ਸਮੁੱਚੇ ਪ੍ਰਬੰਧ ਦੀ ਜਿੰਮੇਵਾਰੀ ਮਹੰਤ ਸੁਰਿੰਦਰ ਸਿੰਘ ਅਤੇ ਪ੍ਰਧਾਨ ਗੁਰਮੇਲ ਸਿੰਘ ਬਿੱਲੂ, ਗਿਆਨ ਸਿੰਘ, ਧਿਆਨ ਸਿੰਘ ਅਤੇ ਨੰਬਰਦਾਨ ਬੱਗਾ ਸਿੰਘ ਨੇ ਨਿਭਾਈ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਤੇ ਸੰਤ ਗੁਰਦਿਆਲ ਸਿੰਘ ਰਾਏਸਰ, ਅਜੈਬ ਸਿੰਘ, ਸੁਰਿੰਦਰ ਸਿੰਘ, ਰਵੇਲ ਸਿੰਘ ਅਤੇ ਸੂਬਾ ਬਲਵਿੰਦਰ ਸਿੰਘ ਨੇ ਹਾਜਰੀ ਭਰੀ।

**ਸੂਬਾ ਬਲਵਿੰਦਰ ਸਿੰਘ ਝੱਲ**

## ਪਿੰਡ ਸਿਆੜ੍ਹ ਵਿਖੇ ਮਾਈਆਂ ਨੂੰ ਅੰਮ੍ਰਿਤ ਦੀ ਦਾਤ ਦਾ ਮੇਲਾ

ਸਿੱਖ ਇਤਿਹਾਸ ਦੇ ਪੰਨਿਆਂ ਤੇ ਜ਼ਿਲ੍ਹੇ ਲੁਧਿਆਣਾ ਦੇ ਪਿੰਡ ਸਿਆੜ੍ਹ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਉੱਕਰਿਆਂ ਹੋਇਆ ਹੈ ਪਿੰਡ ਸਿਆੜ੍ਹ ਦੀ ਧਰਤੀ ਨੂੰ ਇਹ ਮਾਨ ਹਾਸਲ ਹੈ ਕਿ ਛੇਵੇ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਪਿੰਡ ਸਿਆੜ੍ਹ ਵਿਖੇ ਚਰਨ ਪਾ ਕੇ ਆਪਣੀ ਚਰਨ ਛੋਹ ਪ੍ਰਾਪਤ ਹੋਣ ਦਾ ਮਾਣ ਬਖਸ਼ਿਆਂ। ਇਸ ਇਤਿਹਾਸਿਕ ਨਗਰ ਵਿਖੇ ਇਸਤਰੀ ਜਾਤੀ ਦੇ ਮੁਕਤੀ ਦਾਤਾ ਅਤੇ ਜੁੱਗ ਪਲਟਾਊ ਰਹਿਬਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 1 ਜੂਨ 1863 ਈ. ਨੂੰ ਬੀਬੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਪਾਣ ਕਰਵਾ ਕੇ ਪੰਜ ਕਕਾਰਾਂ ਦੇ ਧਾਰਨੀ ਬਣਾਇਆਂ। ਉਸ ਵਕਤ ਮਰਦ ਪ੍ਰਧਾਨ ਸਮਾਜ ਵਿੱਚ ਮਰਦਾਂ ਦੇ ਬਰਾਬਰ ਹੋਣ ਦਾ ਮਾਣ ਬਖਸ਼ਿਆਂ। ਇਹ ਉਸ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਕੀਤਾ ਗਿਆ ਮਹਾਨ ਪਰਉਪਕਾਰ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਸ ਕੀਤੇ ਪਰਉਪਕਾਰ ਨੂੰ ਯਾਦ ਕਰਦਿਆਂ ਹੋਇਆਂ ਨਾਮਧਾਰੀ ਪੰਥ ਦੇ ਮਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ 2 ਜੂਨ ਦਿਨ ਐਤਵਾਰ 2024 ਨੂੰ ਨਗਰ ਨਿਵਾਸੀ ਸਾਧ ਸੰਗਤ





ਵੱਲੋਂ ਮੇਲਾ ਮਨਾਇਆ ਗਿਆ।

ਜਿਸ ਵਿੱਚ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੰਤ ਉਜਾਗਰ ਸਿੰਘ ਰਿਟਾਇਡ ਕਾਨੋਗੋ ਦੀ ਅਗਵਾਈ ਵਿੱਚ ਸਥਾਨਕ ਜਥੇ ਵਲੋਂ ਕੀਤਾ ਗਿਆ। ਕਵੀਸ਼ਰ ਦਿਲਬਾਗ ਸਿੰਘ, ਗੁਰਸੇਵਕ ਸਿੰਘ ਵਲਟੋਆ ਵਾਲਿਆਂ ਦੇ ਜਥੇ ਵੱਲੋਂ ਕਵੀਸ਼ਰੀ ਪ੍ਰਸੰਗ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸੋਭਾ ਵਿੱਚ ਪੇਸ਼ ਕੀਤਾ ਗਿਆ। ਜਥੇਦਾਰ ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਨਾਮਧਾਰੀ ਸ਼ੈਲੀ ਵਿੱਚ ਹੱਲੇ ਦਾ ਦੀਵਾਨ ਸਜਾਇਆ। ਲੁਧਿਆਣਾ ਦੀਆਂ ਬੀਬੀਆਂ ਦੇ ਜਥੇ ਵਲੋਂ ਇਕ ਸ਼ਬਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਉਸ਼ਤਤ ਵਿੱਚ ਪੇਸ਼ ਕੀਤਾ ਗਿਆ। ਇਲਾਕਾ ਨਿਵਾਸੀ ਸਾਧ ਸੰਗਤ ਨੇ ਹੁੰਮ-ਹੁੰਮਾ ਕੇ ਹਾਜਰੀ ਭਰੀ। ਪ੍ਰਬੰਧਕ ਸੱਜਣਾਂ ਵਲੋਂ ਸਾਧ ਸੰਗਤ ਲਈ ਲੰਗਰ ਦਾ ਉਚੇਚਾ ਪ੍ਰਬੰਧ ਕੀਤਾ ਗਿਆ। ਇਸ ਰੀਪੋਰਟ ਦੇ ਲੇਖਕ ਸੂਬਾ ਬਲਵਿੰਦਰ ਸਿੰਘ ਝੱਲ ਨੇ ਪਿੰਡ ਸਿਆੜ੍ਹ ਦਾ ਇਤਿਹਾਸਿਕ ਪੱਖ ਪੇਸ਼ ਕੀਤਾ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕੀਤੇ ਪਰਉਪਕਾਰਾਂ ਨੂੰ ਯਾਦ ਕੀਤਾ। ਪਾਵਨ ਪਵਿੱਤਰ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਪਾਇਆ ਗਿਆ। ਨਗਰ ਵਲੋਂ ਮਾਸਟਰ ਗੁਰਮੁਖ ਸਿੰਘ ਨੇ ਆਈ ਸਾਧ ਸੰਗਤ ਅਤੇ ਸ੍ਰੀ ਸਤਿਗੁਰੂ ਜੀ ਦਾ ਧੰਨਵਾਦ ਕੀਤਾ। ਸਮੁੱਚੇ ਪ੍ਰਬੰਧ ਵਿੱਚ ਸ. ਕਮਲਜੀਤ ਸਿੰਘ ਸਾਬਕਾ ਸਰਪੰਚ, ਸ. ਉਜਾਗਰ ਸਿੰਘ ਕਾਨੋਗੋ, ਸ. ਪਾਲਾ ਸਿੰਘ, ਜੋਗਿੰਦਰ ਸਿੰਘ, ਹਰਬੰਸ ਸਿੰਘ, ਦਰਬਾਰਾ ਸਿੰਘ ਨੇ ਵਿਸ਼ੇਸ਼ ਯੋਗਦਾਨ ਪਾਇਆ। ਅਰਦਾਸ ਉਪਰੰਤ ਮੇਲੇ ਦੀ ਸਮਾਪਤੀ ਕੀਤੀ ਗਈ।

**ਸੂਬਾ ਬਲਵਿੰਦਰ ਸਿੰਘ ਝੱਲ**

## ਪਿੰਡ ਮਲਕ ਫਾਰਮ ਵਿਖੇ ਲੜੀਵਾਰ ਦੀਵਾਨ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਕਿਰਪਾ ਸਦਕਾ ਉਤਰ ਪ੍ਰਦੇਸ਼ ਦੇ ਇਲਾਕਾ ਲਖੀਮਪੁਰ ਖੀਰੀ ਦੇ ਪਿੰਡ ਮਲਕ ਫਾਰਮ ਵਿਖੇ ਲੜੀਵਾਰ ਦੀਵਾਨ ਸਜਾਏ ਗਏ। ਦਿੱਲੀ ਤੋਂ ਜਥੇਦਾਰ ਨਿਸ਼ਾਨ ਸਿੰਘ ਨੇ, ਢੋਲਕੀ ਉਸਤਾਦ ਕਰਮ ਸਿੰਘ ਲਾਡੀ, ਸਾਜੀ ਬਿਧੀ ਸਿੰਘ ਤੇ ਜਸਵੰਤ ਸਿੰਘ ਸਮੇਤ 15 ਮਈ ਨੂੰ ਫਾਰਮ ਵਿਖੇ ਦਰਸ਼ਨ ਦਿੱਤੇ। 15 ਮਈ ਤੋਂ 25 ਮਈ ਤਕ ਰੋਜ਼ਾਨਾ ਵੱਖ-ਵੱਖ ਘਰਾਂ ਵਿੱਚ ਦੀਵਾਨ ਸਜਾਏ ਗਏ। ਰਾਤ ਨੂੰ 7:30 ਤੋਂ 9:00 ਵਜੇ ਤੱਕ ਦੀਵਾਨ ਲਗਾਇਆ ਜਾਂਦਾ ਸੀ। ਮਲਕ ਫਾਰਮ ਪਿੰਡ ਵਿੱਚ ਲਗਪਗ ਸਾਰੇ ਹੀ ਘਰ ਨਾਮਧਾਰੀ ਸਿੱਖਾਂ ਦੇ ਹਨ ਇਸ ਲਈ ਵਡੀ ਗਿਣਤੀ ਵਿਚ ਸੰਗਤ ਰੋਜ਼ਾਨਾ ਆਸਨ ਮਾਲਾ ਲੈਕੇ ਹਾਜ਼ਰੀ ਭਰਦੀ ਰਹੀ। ਜਥੇਦਾਰ ਜੀ ਨੇ ਗੁਰੂ ਤੇ ਸਿੱਖ ਦਾ ਪ੍ਰੇਮ, ਸਿਦਕ, ਨਿਮਰਤਾ, ਸੰਤੋਖ, ਖਿਮਾ, ਮੁਕਤੀ, ਸਤਿਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਤਿਗੁਰੂ ਬਾਲਕ ਸਿੰਘ ਜੀ ਨੂੰ ਗੁਰਤਾ ਅਰਪਣ ਕਰਨੀ, ਦੇਹਧਾਰੀ ਗੁਰੂ ਦੀ ਲੋੜ ਇਤਿਆਦਿ ਸਿਧਾਤਾਂ ਅਤੇ ਇਤਿਹਾਸ 'ਚੋਂ ਸਾਖੀਆਂ ਸੁਣਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ।

ਸਮੂਹ ਨਾਮਧਾਰੀ ਸਾਧ ਸੰਗਤ ਦੀ ਇਹ ਅਰਜ਼ ਹੈ ਸਤਿਗੁਰੂ ਉਦੇ ਸਿੰਘ ਜੀ ਕਿਰਪਾ ਕਰਨ ਇਸੀ ਤਰਾਂ ਆਪਣੇ ਚਰਨਾਂ ਦੇ ਨਾਲ ਜੋੜੀ ਰੱਖਣ।

**ਸੂਬਾ ਸਲਵਿੰਦਰ ਸਿੰਘ**

## ਸੂਬਾ ਸਾਹਿਬ ਸਿੰਘ ਦੀ ਯਾਦ ਵਿੱਚ ਮੇਲਾ

10 ਜੂਨ 2024- ਦੇਸ਼ ਦੀ ਆਜ਼ਾਦੀ ਲਈ ਜਾਨ ਕੁਰਬਾਨ ਕਰਨ ਵਾਲੇ ਸੂਬਾ ਸਾਹਿਬ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਹਰ ਸਾਲ 10 ਜੂਨ ਨੂੰ ਪਿੰਡ ਬਨਵਾਲੀਪੁਰ ਜ਼ਿਲ੍ਹਾ ਤਰਨਤਾਰਨ ਵਿਖੇ ਮਨਾਇਆ ਜਾਂਦਾ ਹੈ। ਸੂਬਾ ਸਾਹਿਬ ਦਾ ਜਨਮ ਪਿੰਡ ਬਨਵਾਲੀਪੁਰ ਪਿਤਾ ਦਿਆਲ ਸਿੰਘ ਦੇ ਘਰ ਹੋਇਆ ਸੀ। ਵੱਖ-ਵੱਖ ਭੇਖਾਂ ਵਿਚੋਂ ਹੁੰਦੇ ਹੋਏ ਜਦੋਂ ਸ੍ਰੀ ਭੈਣੀ ਸਾਹਿਬ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿੱਚ ਆਏ ਤਾਂ ਸਤਿਗੁਰੂ ਜੀ ਦੀ ਅਲੌਕਿਕ ਸ਼ਖ਼ਸ਼ੀਅਤ ਦੇ ਦੀਵਾਨੇ ਹੋਏ। ਸੇਵਾ ਵਿੱਚ ਲਗ ਗਏ। ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ

ਦੇਸ ਦੀ ਸੁਤੰਤਰਤਾ ਲਈ ਨਾ-ਮਿਲਵਰਤਨ ਅੰਦੋਲਨ ਆਰੰਭ ਕੀਤਾ ਤਾਂ ਸਭ ਤੋਂ ਪਹਿਲਾ ਪੰਜਾਬ ਦੇ ਵੱਖ-ਵੱਖ ਖਿੱਤਿਆਂ ਨੂੰ ਕੰਟਰੋਲ ਕਰਨ ਲਈ ਸੂਬੇ ਸਥਾਪਿਤ ਕੀਤੇ। ਪਹਿਲੇ ਪੰਜ ਸੂਬਿਆਂ ਵਿੱਚ ਸੂਬਾ ਸਾਹਿਬ ਸਿੰਘ ਦਾ ਨਾਮ ਦਰਜ ਹੈ। ਨਾ-ਮਿਲਵਰਤਨ ਨੂੰ ਹਰ ਨਗਰ ਸ਼ਹਿਰ ਨਾਲ ਜੋੜਣ ਲਈ ਆਪਣਾ ਡਾਕ ਪ੍ਰਬੰਧ ਸ੍ਰੀ ਸਤਿਗੁਰੂ ਜੀ ਨੇ ਕਾਇਮ ਕੀਤਾ। ਇਸ ਡਾਕ ਪ੍ਰਬੰਧ ਦੇ ਮੁੱਖੀ ਸੂਬਾ ਸਾਹਿਬ ਸਿੰਘ ਜੀ ਸਨ। ਇਨ੍ਹਾਂ ਸਾਲਾਂ ਵਿੱਚ ਆਪ ਨੇ ਇਹ ਕਾਰਜ ਇੰਨੀ ਕੁਸ਼ਲਤਾ ਨਾਲ ਕੀਤਾ ਕਿ ਇਕ ਵੀ ਚਿੱਠੀ ਅੰਗਰੇਜ਼ ਹੱਥ ਨਾ ਲੱਗੀ। ਅੰਗਰੇਜ਼ੀ ਸਰਕਾਰ ਆਪ ਦੇ ਡਾਕ ਪ੍ਰਬੰਧ ਬਾਰੇ ਲਿਖਦੀ ਕਹਿੰਦੀ ਹੈ ਕਿ ਇਹ ਪ੍ਰਬੰਧ ਅੰਗਰੇਜ਼ ਸਰਕਾਰ ਦੇ ਡਾਕ ਮਹਿਕਮੇ ਨਾਲੋਂ ਤੇਜ ਸੀ ਜਿਸ ਦੀ ਕੋਈ ਚਿੱਠੀ ਸਾਡੇ ਹੱਥ ਨਹੀਂ ਲੱਗੀ ਪਰ ਆਪਣੇ ਪਤੇ ਉਪਰ ਬਿਨਾਂ ਦੇਰੀ ਪਹੁੰਚੀ।

ਸੂਬਾ ਸਾਹਿਬ ਸਿੰਘ ਜੀ ਨਾਮਧਾਰੀ ਲਹਿਰ ਦੇ ਪ੍ਰਮੁੱਖ ਸੂਬੇ ਸੀ। ਬਾਹਰੀ ਰਿਆਸਤਾਂ ਨਾਲ ਸੰਪਰਕ ਲਈ ਆਪ ਨੂੰ ਸ੍ਰੀ ਸਤਿਗੁਰੂ ਜੀ ਸਫੀਰ ਬਣਾ ਕੇ ਭੇਜਦੇ। ਨੇਪਾਲ ਨਾਲ ਸੰਬੰਧ ਬਣਾਉਣ ਲਈ ਕਾਠਮੰਡੂ ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ ਜੀ ਗਏ ਸੀ। ਅੰਗਰੇਜ਼ ਸਰਕਾਰ ਆਪ ਨੂੰ ਸਤਿਗੁਰੂ ਰਾਮ ਸਿੰਘ ਸਿੰਘ ਜੀ ਦਾ ਉਤਰਾ ਅਧਿਕਾਰੀ ਅਤੇ ਖਤਰਨਾਕ਼ ਮਨੁੱਖ ਆਖਦੀ ਸੀ। ਜਦੋਂ ਸ੍ਰੀ ਸਤਿਗੁਰੂ ਜੀ ਨੂੰ ਜਲਾਵਤਨ ਕੀਤਾ ਤਾਂ ਸ੍ਰੀ ਭੈਣੀ ਸਾਹਿਬ ਤੋਂ ਜੋ ਚਾਰ ਸਿਖ ਨਾਲ ਸੀ ਉਹਨਾਂ ਵਿੱਚ ਸੂਬਾ ਜਵਾਹਰ ਸਿੰਘ, ਸੂਬਾ ਸਾਹਿਬ ਸਿੰਘ, ਨਾਨੂੰ ਸਿੰਘ ਸਨ। ਗੁਰਦਿੱਤ ਸਿੰਘ ਗਾਡੀ ਲੁਧਿਆਣੇ ਤੋਂ ਵਾਪਸ ਆ ਗਿਆ। 12 ਫਰਵਰੀ 1873 ਸੂਬਾ ਸਾਹਿਬ ਸਿੰਘ ਜੀ ਨੂੰ ਸੂਬਾ ਕਾਹਨ ਸਿੰਘ ਜੀ ਨੂੰ ਅਦਨ ਜੇਲ ਭੇਜ ਦਿੱਤਾ ਗਿਆ। ਬਾਅਦ ਵਿੱਚ ਅਦਨ ਤੋਂ ਹਾਜ਼ਰੀਬਾਗ ਲਿਆਂਦਾ ਗਿਆ।

ਸੂਬਾ ਸਾਹਿਬ ਸਿੰਘ ਜੀ 10 ਜੂਨ 1879 ਈ. ਨੂੰ ਹਜ਼ਾਰੀ ਬਾਗ ਜੇਲ੍ਹ ਵਿੱਚ ਹੀ ਸ਼ਹੀਦ ਹੋਏ। ਇਹ ਉਹ ਮਹਾਨ ਸੂਰਬੀਰ ਹਨ ਜੋ ਦੇਸ ਆਜ਼ਾਦੀ ਲਈ ਹਜ਼ਾਰਾਂ ਕਸਟ ਝੱਲਦੇ ਹੋਏ ਸ਼ਹਾਦਤ ਦਾ ਜਾਮ ਪੀ ਗਏ। ਹਜ਼ਾਰੀ ਬਾਗ ਵਿੱਚ ਵੀ ਆਪ ਦੀ ਯਾਦ ਵਿੱਚ ਵਰਨੀ ਚੱਲ ਰਹੀ ਹੈ ਅਤੇ ਓਥੇ ਵੀ 10 ਜੂਨ ਨੂੰ ਮੇਲਾ ਮਨਾਇਆ ਜਾਂਦਾ ਹੈ। ਪਿੰਡ ਬਨਵਾਲੀ ਪੁਰ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਤਰਨਤਾਰਨ ਦੀ ਸਾਧ ਸੰਗਤ ਇਕੱਤਰ ਹੋ ਮੇਲਾ ਮਨਾਉਂਦੀ ਹੈ। ਇਸ ਵਾਰੀ ਜਥੇ. ਕਮਾਲ ਸਿੰਘ ਨੇ ਦੀਵਾਨ ਲਾਇਆ ਵੱਡੀ ਗਿਣਤੀ ਵਿੱਚ ਸੰਗਤ ਸੱਚੀ ਸੁਚੀ ਸ਼ਹਾਦਤ ਨੂੰ ਸ਼ਰਧਾ ਪੁਸ਼ਪ ਭੇਂਟ ਕਰਨ ਆਈ। ਪ੍ਰਧਾਨ ਗੁਰਭੇਜ ਸਿੰਘ ਤਰਨਤਾਰਨ ਵਾਲਿਆ ਦੀ ਅਗਵਾਈ ਹੇਠ ਨੌਜਵਾਨਾਂ ਨੇ ਮੈਂਗੋਸ਼ੇਕ ਅਤੇ ਜਲੇਬਾਂ ਦਾ ਲੰਗਰ ਲਾਇਆ। ਸੂਬਾ ਸ਼ਾਮ ਸਿੰਘ ਜੀ, ਸੂਬਾ ਅਮਰੀਕ ਸਿੰਘ ਜੀ ਅਤੇ ਹੋਰ ਵਿਦਿਅਕ ਜਥੇ ਦੇ ਨੌਜਵਾਨਾਂ ਨੇ ਇਸ ਮੇਲੇ ਵਿੱਚ ਆਈ ਸਾਧ ਸੰਗਤ ਦੀ ਸੇਵਾ ਕੀਤੀ।

**ਸੰਪਾਦਕੀ ਮੰਡਲ**

.......................................................

## Matrimonial

**Name- Harsimran Singh**
**D.O.B-** 30-4-1996
**Height-** 5'11''
**Qualification-** Diploma Mechanical, B.Tech (Marine)
**Job-** Engineer Officer in Synergy Maritime Company (Ship name Bright Pioneer)
**Address-** Batala, Distt. Gurdaspur, Punjab
**Mob.** 9780006303

.......................................................

**Name- Harleen Kaur**
**D.O.B-** 5-10-1998
**Height-** 5'4''
**Qualification:** B.Tech (Computer Science and Eng.)
**Job-** Senior Software Eng. At Coforge (MNC) at Greater Noida
**Mob-** 9780006303

.......................................................

**Namdhari boy**
**Height -** 6'1"
**Age -** 28 years
**Occupation -** Government Job
**Contact no .** +919417867162

**ਸ੍ਰੀ ਸਤਿਗੁਰੂ ਜੀ ਪਦਮ ਸ੍ਰੀ ਸੁਰਜੀਤ ਪਾਤਰ ਜੀ ਦੇ ਗ੍ਰਹਿ ਵਿਖੇ ਦਰਸਨ ਦਿੱਤੇ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਸ੍ਰ. ਰਣਜੋਧ ਸਿੰਘ ਜੀ ਨੇ ਆਪਣੀ ਨਵੀਂ ਛਪੀ ਕਿਤਾਬ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤੀ।**

ਮਿਤੀ: 14.06.2024







**ਸ੍ਰੀ ਸਤਿਗੁਰੂ ਜੀ ਤੋਂ ਜਿੱਤ ਤੋਂ ਬਾਅਦ ਅਸ਼ੀਰਵਾਦ ਲੈਣ ਪਹੁੰਚੇ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਹੋਰ ਪਾਰਟੀ ਮੈਂਬਰ।**

ਮਿਤੀ: 15.06.2024



Date of Publication: 21 June 2024
Date of Posting: 23 June 2024

RNI NO.55658/93
LDM/008/2021-2023

# ਅਮਰੀਕਾ ਦੌਰਾ 2024















Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.